Punjabi Parwaz

# ਪੰਜਾਬੀ ਪਰਵਾਜ਼

ਅੰਕ ਅੱਠਵਾਂ (ਸ਼ਿਕਾਗੋ): 2 ਸਤੰਬਰ ਤੋਂ 15 ਸਤੰਬਰ 2023 ਤੱਕ — ਲੋਕ-ਪੱਖੀ ਤੇ ਮਿਆਰੀ ਵਿਚਾਰਾਂ ਦੀ ਸਾਂਝ

e-mail: punjabiparwaz@gmail.com — www.punjabiparwaz.com

Address: 827 E. Kings Row, Unit# 7, Palatine, IL 60074 - Ph: 224-386-4548


### ਵਿਸ਼ਵ ਧਰਮਾਂ ਦੀ ਸੰਸਦ

## ਅਧਿਆਤਮਕ ਪਰੰਪਰਾਵਾਂ ਜ਼ਰੀਏ ਇਕਸੁਰਤਾ ਦਾ ਸੁਨੇਹਾ

**‘ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ’ ਉਤੇ ਚਰਚਾ ਅਤੇ ‘ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ’ ਦੇ ਹਵਾਲੇ ਨਾਲ ਤਕਰੀਰ**




**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਸ਼ਿਕਾਗੋ ਦੇ ਮੈਕਕਾਰਮਿਕ ਪਲੇਸ ਵਿਖੇ ਲੰਘੇ ਦਿਨੀਂ ਹੋਈ ਵਿਸ਼ਵ ਧਰਮਾਂ ਦੀ ਸੰਸਦ ਵਿੱਚ ਦੁਨੀਆ ਭਰ ਤੋਂ ਪਹੁੰਚੇ ਛੇ ਹਜ਼ਾਰ ਤੋਂ ਵੱਧ ਧਾਰਮਿਕ/ਸਮਾਜਿਕ ਨੁਮਾਇੰਦਿਆਂ ਨੇ ਅਧਿਆਤਮਕ ਪਰੰਪਰਾਵਾਂ ਜ਼ਰੀਏ ਇਕਸੁਰਤਾ ਦਾ ਸੁਨੇਹਾ ਦਿੱਤਾ। ਸੰਸਦ ਵਿੱਚ ‘ਆਜ਼ਾਦੀ ਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ’ ਸਬੰਧੀ ਚਰਚਾ ਹੋਈ ਕਿ ਅਸੀਂ ਆਪਣੀ ਜ਼ਮੀਰ ਨੂੰ ਸੁਣੀਏ, ਧਾਰਮਿਕਤਾ ਅਤੇ ਨੈਤਿਕਤਾ ਨੂੰ ਬਰਕਰਾਰ ਰੱਖ ਕੇ ਇੱਕ-ਦੂਜੇ ਦੀ ਆਜ਼ਾਦੀ ਤੇ ਅਧਿਕਾਰਾਂ ਦੀ ਰੱਖਿਆ ਕਰੀਏ। ਇਸ ਗੱਲ ਉਤੇ ਵੀ ਜ਼ੋਰ ਦਿੱਤਾ ਗਿਆ ਕਿ ਭਾਵੇਂ ਸਾਡੇ ਵਿਸ਼ਵਾਸ ਦੇ ਕੁਝ ਵਿਸ਼ਿਆਂ ‘ਤੇ ਵੱਖੋ-ਵੱਖਰੇ ਦ੍ਰਿਸ਼ਟੀਕੋਣ ਹਨ, ਪਰ ਸੱਭਿਆਚਾਰਾਂ, ਵਿਸ਼ਵਾਸਾਂ ਅਤੇ ਵਿਚਾਰਾਂ ਦੀ ਵਿਭਿੰਨਤਾ ਨੂੰ ਅਪਨਾਉਂਦਿਆਂ ਇੱਕ ਮਜ਼ਬੂਤ ਸੰਯੁਕਤ ਸ਼ਕਤੀ ਬਣਾਉਣ ਵੱਲ ਅਹੁਲਣ ਦੀ ਲੋੜ ਹੈ।

ਵੱਖ ਵੱਖ ਅਧਿਆਤਮਕ ਨੁਮਾਇੰਦਿਆਂ ਨੇ ਹਾਜ਼ਰੀਨ ਨੂੰ ਅਪੀਲ ਕੀਤੀ ਕਿ ਉਹ ਆਪਣੀਆਂ ਰੂਹਾਨੀ ਪਰੰਪਰਾਵਾਂ ਦੀ ਵਿਲੱਖਣਤਾ ਦੇ ਨਾਲ-ਨਾਲ ਆਪਣੇ ਗੁਆਂਢੀਆਂ ਭਾਵ ਹੋਰਨਾਂ ਭਾਈਚਾਰਿਆਂ ਦੀਆਂ ਪਰੰਪਰਾਵਾਂ ਦੀ ਵੀ ਕਦਰ ਕਰਦਿਆਂ ਦੁਨੀਆ ਦੀਆਂ ਸਭ ਤੋਂ ਵੱਡੀਆਂ ਸਮੱਸਿਆਵਾਂ ਨੂੰ ਹੱਲ ਕਰਨ ਲਈ ਮਿਲ ਕੇ ਕੰਮ ਕਰਨ। ਚਰਚਾ ਹੋਈ ਕਿ ਸੰਸਾਰ ਹਨੇਰੇ ਅਤੇ ਵੰਡ ਨਾਲ ਭਰਿਆ ਹੋਇਆ ਹੈ, ਪਰ ਉਸ ਹਨੇਰੇ ਨੂੰ ਦੂਰ ਕੀਤਾ ਜਾ ਸਕਦਾ ਹੈ, ਜੇ ਵਿਸ਼ਵਾਸੀ ਲੋਕ ਮਿਲ ਕੇ ਕੰਮ ਕਰਨ।

ਜ਼ਿਕਰਯੋਗ ਹੈ ਕਿ ਵਿਸ਼ਵ ਦੇ ਧਰਮਾਂ ਦੀ ਸੰਸਦ ਵਿਸ਼ਵ ਦੀਆਂ ਅਧਿਆਤਮਕ ਪਰੰਪਰਾਵਾਂ ਵਿੱਚ ਇਕਸੁਰਤਾ ਪੈਦਾ ਕਰਦੀ ਹੈ ਅਤੇ ਇੱਕ ਵਧੇਰੇ ਸ਼ਾਂਤੀਪੂਰਨ, ਨਿਆਂਪੂਰਨ ਤੇ ਟਿਕਾਊ ਸੰਸਾਰ ਦੇ ਟੀਚੇ ਨੂੰ ਪ੍ਰਣਾਈਆਂ ਮਾਰਗਦਰਸ਼ਕ ਸੰਸਥਾਵਾਂ ਨਾਲ ਆਪਣੀ ਸ਼ਮੂਲੀਅਤ ਨੂੰ ਉਤਸ਼ਾਹਿਤ ਕਰਦੀ ਹੈ। ਇਸ ਦੀ ਸ਼ੁਰੂਆਤ ਸ਼ਿਕਾਗੋ ਵਿੱਚ 1893 ਵਿੱਚ ਹੋਈ ਸੀ, ਜਿੱਥੇ ਵਿਸ਼ਵ ਧਰਮ ਸੰਸਦ ਦੇ ਇਤਿਹਾਸਕ ਪਹਿਲੇ ਸੰਮੇਲਨ ਨੇ ਪੂਰਬ ਅਤੇ ਪੱਛਮ ਦੇ ਧਰਮਾਂ ਦੀ ਸ਼ਮੂਲੀਅਤ ਲਈ ਇੱਕ ਗਲੋਬਲ ਪਲੇਟਫਾਰਮ ਬਣਾਇਆ ਸੀ। 1893 ਦੀ ਸੰਸਦ ਨੇ 41 ਵਿਭਿੰਨ ਧਾਰਮਿਕ ਪਰੰਪਰਾਵਾਂ ਦੀ ਨੁਮਾਇੰਦਗੀ ਕੀਤੀ ਸੀ।

ਸੰਨ 1893 ਦੇ ਸੰਮੇਲਨ ਵਿੱਚ ਸਵਾਮੀ ਵਿਵੇਕਾਨੰਦ ਨੇ ਹਿੰਦੂ ਧਰਮ ਦੇ ਅਧਿਆਤਮਕ ਆਗੂ ਵਜੋਂ ਹਿੱਸਾ ਲਿਆ ਸੀ। ਸੌ ਸਾਲ ਬਾਅਦ 1993 ਵਿੱਚ ਇਹ ਸੰਮੇਲਨ ਫਿਰ ਸ਼ਿਕਾਗੋ ਵਿੱਚ ਹੋਇਆ ਅਤੇ ਸਿੱਖ ਧਰਮ ਵੱਲੋਂ ਪਹਿਲੀ ਵਾਰ ਹਿੱਸਾ ਲਿਆ ਗਿਆ, ਜਿਸ ਦੌਰਾਨ ਸਿੱਖ ਵਿਦਵਾਨਾਂ ਨੇ ਗੁਰੂ ਨਾਨਕ ਦੇਵ ਜੀ ਦਾ ਸਾਂਝੀਵਾਲਤਾ ਦਾ ਸੰਦੇਸ਼ ਹੋਰਨਾਂ ਧਰਮਾਂ ਨਾਲ ਸਾਂਝਾ ਕੀਤਾ ਸੀ।

ਹਾਲ ਹੀ ਦੇ ਸੰਸਦ ਦੌਰਾਨ ਇੱਕ-ਦੂਜੇ ਨੂੰ ਜਲਵਾਯੂ ਤਬਦੀਲੀ ਅਤੇ ਤਾਨਾਸ਼ਾਹੀ ਦੇ ਉਭਾਰ ਵਰਗੇ ਮੁੱਦਿਆਂ ਨੂੰ ਹੱਲ ਕਰਨ ਲਈ ਚੁਣੌਤੀ ਵੀ ਦਿੱਤੀ ਗਈ।


⇒ ਬਾਕੀ ਅਗਲੇ ਸਫੇ ਉਤੇ ਪੜ੍ਹੋ



Maaco COLLISION REPAIR & AUTO PAINTING
AMERICA'S BODYSHOP
*We Work With All Insurance Co.
*Referrals Receive 10% Off
*We Replace Windshields
*Rental Car On Site *Free Towing
252 Commonweal Dr,
Carol Stream, IL 60188
Ph: 630-752-9240
MAACOCAROLSTREAM@YAHOO.COM
Jatin Patel




Rajveer S. Gill
847-907-1525
773-517-0574
www.RegalJewels.com


# ਵਿਸ਼ਵ ਧਰਮਾਂ ਦੀ ਸੰਸਦ

ਪ੍ਰਦਰਸ਼ਨੀ ਹਾਲ ਵਿੱਚ ਹਾਜ਼ਰੀਨ ਨੇ ਇੱਕ ਦੂਜੇ ਨਾਲ ਗੱਲਬਾਤ ਕੀਤੀ ਅਤੇ ਹੋਰ ਧਾਰਮਿਕ ਵਿਸ਼ਵਾਸਾਂ ਬਾਰੇ ਜਾਣਨਾ ਚਾਹਿਆ। ਸਮਾਜਿਕ ਨਿਆਂ, ਜਮਹੂਰੀਅਤ, ਆਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਲਈ ਵਿਸ਼ਵਾਸ ਤੇ ਅੰਦੋਲਨਾਂ ਨੂੰ ਇੱਕ-ਦੂਜੇ ਨਾਲ ਜੋੜਦੇ ਹੋਏ ਸੰਸਦ ਦੇ ਥੀਮ ਨੂੰ ਸਪਸ਼ਟ ਤੇ ਦ੍ਰਿੜਤਾ ਨਾਲ ਵਿਚਾਰਿਆ ਗਿਆ।

ਇਸ ਦੌਰਾਨ ਸਿੱਖ ਭਾਈਚਾਰੇ ਦੀ ਵਧ ਚੜ੍ਹ ਕੇ ਸ਼ਮੂਲੀਅਤ, ਲੰਗਰ ਦੀ ਉਚੇਚੀ ਸੇਵਾ ਅਤੇ ਗੁਰਬਾਣੀ ਦੇ ਪ੍ਰਸੰਗ ਵਿੱਚ ਵਿਚਾਰਾਂ ਦੇ ਦਿਸਹੱਦਿਆਂ ਨੇ ਇੱਕ ਵੱਖਰਾ ਹੀ ਮਾਹੌਲ ਸਿਰਜਿਆ, ਜਿਸ ਨਾਲ ਸਿੱਖ ਧਰਮ ਦਾ ਫਲਸਫਾ, ਸਮਾਜ ਵਿੱਚ ਇਸ ਦੀਆਂ ਕਦਰਾਂ-ਕੀਮਤਾਂ ਅਤੇ ਸਰਬੱਤ ਦੇ ਭਲੇ ਦਾ ਸੁਨੇਹਾ ਵਿਸ਼ਵ ਦੇ ਹੋਰਨਾਂ ਧਰਮਾਂ ਦੇ ਨੁਮਾਇੰਦਿਆਂ ਦੀ ਇਕੱਤਰਤਾ ਵਿੱਚ ਲੋਕਾਈ ਤੱਕ ਪੁੱਜਦਾ ਹੋਇਆ ਹੈ। ਵਿਸ਼ਵ ਦੇ ਵੱਡੇ ਧਰਮਾਂ ਵਿੱਚ ਸ਼ੁਮਾਰ ਰੱਖਣ ਕਾਰਨ ਸਿੱਖ ਧਰਮ ਦੇ ਨੈਤਿਕਤਾ ਅਤੇ ਬਰਾਬਰੀ ਦੇ ਪ੍ਰਸੰਗ ਨੂੰ ਮੁੱਖ ਰੱਖਦਿਆਂ ਸਿੱਖ ਭਾਈਚਾਰੇ ਨੇ ਵਿਸ਼ਵ ਧਰਮ ਸੰਸਦ-2023 ਦੌਰਾਨ ਜ਼ਿੰਮੇਵਾਰੀਆਂ ਨਿਭਾਉਣ ਤੇ ਨਵੇਂ ਕੀਰਤੀਮਾਨ ਸਿਰਜਣ ਵਿੱਚ ਅਹਿਮ ਭੂਮਿਕਾ ਨਿਭਾਈ, ਜਿਸ ਦੀ ਸਮੁੱਚੇ ਪ੍ਰੋਗਰਾਮ ਦੌਰਾਨ ਭਰਵੀਂ ਤਾਰੀਫ ਵੀ ਹੋਈ ਤੇ ਹੋਰਨਾਂ ਧਰਮਾਂ ਨਾਲ ਜੁੜੇ ਲੋਕਾਂ ਦੇ ਮਨਾਂ ਉਤੇ ਇੱਕ ਯਾਦਗਾਰੀ ਛਾਪ ਵੀ ਛੱਡ ਹੋਈ।

ਵਾਤਾਵਰਣ ਮੁੱਦੇ ਬਾਰੇ ਵਿਚਾਰ-ਵਟਾਂਦਰੇ ਦੌਰਾਨ ਧਰਤੀ ਉਤੇ ਜੀਵਨ ਨੂੰ ਕਾਇਮ ਰੱਖਣ ਲਈ ਦੇਖਭਾਲ, ਵਾਤਾਵਰਣ ਦੀ ਸੰਭਾਲ ਕਰਨ, ਜੈਵ-ਵਿਭਿੰਨਤਾ, ਕੁਦਰਤੀ ਨਿਵਾਸ ਸਥਾਨਾਂ ਦੀ ਰੱਖਿਆ ਕਰਨ ਅਤੇ ਅਧਿਆਤਮਕ ਟੀਚੇ ਵਧਾਉਣ ਦਾ ਪ੍ਰਣ ਕੀਤਾ ਗਿਆ। ਓਪਨਿੰਗ ਪਲੈਨਰੀ ਮੌਕੇ ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧ ਨਾਲ ਜੁੜੇ ਸ. ਅੱਛਰ ਸਿੰਘ ਨੇ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ" ਦੇ ਹਵਾਲੇ ਨਾਲ ਦੱਸਿਆ ਕਿ ਸਿੱਖ ਧਰਮ ਦੇ ਬਾਨੀ, ਪਹਿਲੇ ਅਧਿਆਤਮਕ ਗੁਰੂ, ਗੁਰੂ ਨਾਨਕ ਦੇਵ ਜੀ ਨੇ 553 ਸਾਲ ਪਹਿਲਾਂ ਇਹ ਬਾਣੀ ਸਿੱਖਾਂ ਦੀ ਪਹਿਲੀ ਅਰਦਾਸ ਜਪੁਜੀ ਸਾਹਿਬ ਦੇ ਹਿੱਸੇ ਵਜੋਂ ਲਿਖੀ ਸੀ, ਜੋ ਕੁਦਰਤ ਦੇ ਤੱਤਾਂ ਨੂੰ ਅਧਿਆਤਮਕ ਯਾਤਰਾ ਨਾਲ ਜੋੜਦੀ ਹੈ। ਸਿੱਖ ਨੁਮਾਇੰਦੇ ਡਾ. ਬਲਵੰਤ ਸਿੰਘ ਹੰਸਰਾ ਨੇ ਵੀ ਵੱਖ ਵੱਖ ਸੈਸ਼ਨਾਂ ਦੌਰਾਨ ਸੰਬੋਧਨ ਕੀਤਾ।

ਇੰਟਰਫੇਥ ਐਕਸ਼ਨਜ਼ ਦਾ ਸੁਨੇਹਾ ਸੀ ਕਿ ਇੱਕ ਬਿਹਤਰ ਸੰਸਾਰ ਦੀ ਖੋਜ ਲਈ ਵਿਚਾਰਾਂ ਦੇ ਅਦਾਨ-ਪ੍ਰਦਾਨ ਦੀ ਲੋੜ ਹੁੰਦੀ ਹੈ। ਵਿਸ਼ਵ ਧਰਮਾਂ ਦੀ ਸੰਸਦ ਗੁੰਝਲਦਾਰ ਵਿਚਾਰ-ਵਟਾਂਦਰੇ ਲਈ ਇੱਕ ਢੁਕਵੇਂ ਪਲੇਟਫਾਰਮ ਵਜੋਂ ਵਿਕਸਤ ਹੋਈ ਹੈ; ਕਿਉਂਕਿ ਸੰਦੇਸ਼ ਸਪੱਸ਼ਟਤਾ ਅਤੇ ਵਿਸ਼ਵਾਸ ਨਾਲ ਗੂੰਜਦਾ ਹੈ, ਇਸ ਲਈ ਸਾਨੂੰ ਸਾਰੇ ਧਰਮਾਂ ਨੂੰ ਹੱਥ ਮਿਲਾਉਣਾ, ਇੱਕਜੁੱਟ ਹੋਣਾ ਅਤੇ ਸੁਰੱਖਿਅਤ ਕਰਨਾ ਚਾਹੀਦਾ ਹੈ।

ਪ੍ਰਦਰਸ਼ਨੀ ਹਾਲ ਵਿੱਚ ਇੱਕ ਪਾਸੇ ਜਿੱਥੇ ਗੀਤਾਂ ਰਾਹੀਂ ਅੰਤਰ-ਧਰਮੀ ਤਾਲਮੇਲ ਦਾ ਇਜ਼ਹਾਰ ਸੀ, ਤਾਂ ਦੂਜੇ ਪਾਸੇ ਨਿਸ਼ਾਨਾ ਬਣਾਏ ਗਏ ਘੱਟ ਗਿਣਤੀਆਂ ਬਾਰੇ ਗੰਭੀਰ ਅੰਕੜੇ ਪੇਸ਼ ਸਨ। ਵਿਚਾਰ ਦੇ ਮੁਹੱਈਆ ਮੰਚ ਦੌਰਾਨ 250 ਤੋਂ ਵੱਧ ਸੈਸ਼ਨ ਵੱਖ ਵੱਖ ਵਿਸ਼ਿਆਂ ਨਾਲ ਸਬੰਧਤ ਸੰਵਾਦ, ਇੱਕ ਵਿਆਪਕ ਆਦੇਸ਼ ਦੇ ਤੌਰ 'ਤੇ ਪੇਸ਼ ਕੀਤੇ ਗਏ। ਪਲੈਨਰੀ ਸੈਸ਼ਨ, ਵਿਚਾਰਾਂ ਦਾ ਇਕਸੁਰਤਾ ਵਾਲਾ ਸਮੂਹ ਡੂੰਘੇ ਵਲਵਲਿਆਂ ਤੇ ਡੂੰਘੀਆਂ ਤਰਬਾਂ ਵਾਲਾ ਸੀ। ਔਰਤਾਂ ਦੀ ਅਸੈਂਬਲੀ ਨੇ ਸਮਾਜ ਵਿੱਚ ਔਰਤਾਂ ਦੀ ਭਾਗੀਦਾਰੀ ਦੇ ਮੂਲ ਨੂੰ ਸੰਬੋਧਿਤ ਕੀਤਾ।

ਧਾਰਮਿਕ ਕੱਟੜਤਾ ਸਬੰਧੀ ਵੀ ਸ਼ਬਦ ਗੂੰਜੇ। ਫੇਥ ਇਨ ਪਬਲਿਕ ਲਾਈਫ ਦੇ ਦੂਰਦਰਸ਼ੀ ਸੰਸਥਾਪਕ ਰੇਵ. ਜੇਨ ਬਟਲਰ ਨੇ ਅਫ਼ਸੋਸ ਪ੍ਰਗਟਾਇਆ, "ਧਰਮ, ਜੋ ਕਦੇ ਨੈਤਿਕ ਸਿੱਖਿਆਵਾਂ ਦਾ ਅਸਥਾਨ ਸੀ, ਹੁਣ ਹੇਰਾਫੇਰੀ ਨਾਲ ਖੜ੍ਹਾ ਹੈ, ਇਸਦੇ ਨੈਤਿਕ ਤਾਣੇ-ਬਾਣੇ ਨੂੰ ਹਿੰਸਾ ਦੀਆਂ ਘਿਨਾਉਣੀਆਂ ਕਾਰਵਾਈਆਂ ਦੁਆਰਾ ਵਿਗਾੜ ਦਿੱਤਾ ਗਿਆ ਹੈ। ਤਾਨਾਸ਼ਾਹ ਤਾਕਤਾਂ ਧਰਮ ਨੂੰ ਸ਼ਕਤੀ ਇਕੱਠਾ ਕਰਨ ਲਈ ਇੱਕ ਸਾਧਨ ਵਜੋਂ ਵਰਤਦੀਆਂ ਹਨ।"

ਮੈਕਕਾਰਮਿਕ ਪਲੇਸ ਵਿਖੇ ਇੱਕ ਪ੍ਰਦਰਸ਼ਕ ਸਥਾਨ ਦੇ ਪ੍ਰਵੇਸ਼ ਦੁਆਰ ਤੋਂ ਬਹੁਤ ਦੂਰ ਸਵਾਮੀ ਵਿਵੇਕਾਨੰਦ ਦੀ ਤਸਵੀਰ ਖੜ੍ਹੀ ਸੀ। ਲੋਕਾਂ ਦੀ ਇਕੱਤਰਤਾ ਸਬੰਧੀ ਕੁਝ ਦਾ ਵਿਚਾਰ ਸੀ ਕਿ ਇੰਨੇ ਸਾਰੇ ਲੋਕਾਂ ਨੂੰ ਦੇਖਣਾ ਇੱਕ ਸ਼ਾਨਦਾਰ ਅਨੁਭਵ ਹੈ, ਜੋ ਕਿਸੇ ਵੀ ਤਰੀਕੇ ਨਾਲ ਇੱਕ ਦੂਜੇ ਦੀ ਮਦਦ ਕਰਨ ਲਈ ਤਿਆਰ ਹਨ। ਕੋਈ ਕਹਿ ਰਿਹਾ ਸੀ ਕਿ ਇੱਕੋ ਛੱਤ ਹੇਠ ਇੰਨੇ ਧਰਮਾਂ ਨੂੰ ਵੇਖਣਾ ਅੱਖਾਂ ਖੋਲ੍ਹਣ ਵਾਲਾ ਹੈ। ਵੱਖੋ-ਵੱਖਰੇ ਵਿਸ਼ਵਾਸਾਂ ਵਿੱਚ ਰਹਿਣ ਦੇ ਬਾਵਜੂਦ, ਅਸੀਂ ਸਾਰੇ ਇੱਕ ਹੀ ਹਾਂ।

ਬਹੁਤ ਸਾਰੇ ਬੂਥਾਂ ਉਤੇ ਵਿਸ਼ਵਾਸਾਂ ਅਤੇ ਅਭਿਆਸਾਂ ਦੀਆਂ ਬੁਨਿਆਦੀ ਗੱਲਾਂ ਦਾ ਅਦਾਨ-ਪ੍ਰਦਾਨ ਜਾਰੀ ਸੀ। ਸਿੱਖ ਭਾਈਚਾਰੇ ਵੱਲੋਂ ਦਰਬਾਰ ਸਾਹਿਬ ਦਾ ਮਾਡਲ ਪ੍ਰਦਰਸ਼ਿਤ ਕੀਤਾ ਗਿਆ ਸੀ। ਇਸ ਤੋਂ ਇਲਾਵਾ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਨਾਲ ਸਬੰਧਤ ਤਸਵੀਰਾਂ ਦੀ ਪ੍ਰਦਰਸ਼ਨੀ ਵੀ ਲਾਈ ਗਈ ਸੀ। ਮੁੱਖ ਸਟੇਜ ਤੋਂ ਅਟਲਾਂਟਾ ਤੋਂ ਆਏ ਭਾਈ ਬਖਸ਼ੀਸ਼ ਸਿੰਘ, ਭਾਈ ਪਰਮਜੀਤ ਸਿੰਘ ਤੇ ਭਾਈ ਗੁਰਪ੍ਰਤਾਪ ਸਿੰਘ ਅਤੇ ਭਾਈ ਗੁਰਪ੍ਰੀਤ ਸਿੰਘ ਯੂ.ਕੇ. ਦੇ ਜਥੇ ਨੇ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ। ਦਸਤਾਰਾਂ ਸਜਾਉਣ ਦਾ ਬੂਥ ਲਾਇਆ ਗਿਆ ਸੀ ਅਤੇ ਜੁਝਾਰ ਸਿੰਘ ਨੇ ਗਤਕੇ ਦੀ ਸਿਖਲਾਈ ਦਿੱਤੀ।

ਇੱਕ ਵੱਖਰੇ ਕਮਰੇ ਵਿੱਚ ਰੋਜ਼ਾਨਾ ਗੁਰੂ ਗ੍ਰੰਥ ਸਾਹਿਬ ਦੇ ਪ੍ਰਕਾਸ਼ ਅਤੇ ਸੁੱਖ ਆਸਣ ਦੀ ਪ੍ਰਕ੍ਰਿਆ ਵੀ ਜਾਰੀ ਸੀ। ਸਿੱਖਾਂ ਵੱਲੋਂ ਇੰਟਰਫੇਥ ਮਿਊਜ਼ੀਕਲ ਪਰਫਾਰਮੈਂਸ ਵਿੱਚ ਸ਼ਮੂਲੀਅਤ ਤੋਂ ਇਲਾਵਾ 13 ਅਗਸਤ ਨੂੰ ਨਗਰ ਕੀਰਤਨ ਦੀ ਅਗਵਾਈ ਕੀਤੀ ਗਈ। ਮਾਣ ਵਾਲੀ ਗੱਲ ਇਹ ਸੀ ਕਿ ਸਿਕਿਉਰਿਟੀ ਦੌਰਾਨ ਸਿੱਖ ਭਾਈਚਾਰੇ ਨੂੰ ਵਾਧੂ ਦੀ ਚੈਕਿੰਗ ਤੋਂ ਛੋਟ ਦਿੱਤੀ ਗਈ ਸੀ। ਸੰਗਤ ਪੂਰੇ ਮਿਡਵੈਸਟ ਤੇ ਹੋਰਨਾਂ ਸਟੇਟਾਂ ਤੋਂ ਵੀ ਉਚੇਚਾ ਪਹੁੰਚੀ ਹੋਈ ਸੀ।

ਸੰਗਤਾਂ ਨੂੰ ਗੁਰਦੁਆਰਾ ਪੈਲਾਟਾਈਨ ਤੋਂ ਵਿਸ਼ਵ ਧਰਮਾਂ ਦੀ ਸੰਸਦ ਵਿੱਚ ਲਿਜਾਣ ਲਈ ਕਰੀਬ 15 ਬੱਸਾਂ ਰਾਹੀਂ ਜੱਸੀ ਸਹੋਤਾ ਨੇ ਸੇਵਾ ਨਿਭਾਈ। ਆਰ.ਕੇ. ਕਾਰਪੈਟਸ ਨੇ ਵੀ ਸੇਵਾਵਾਂ ਪ੍ਰਦਾਨ ਕੀਤੀਆਂ। ਕੈਪਟਨ ਗੁਰਬਚਨ ਸਿੰਘ ਤੇ ਯਾਦਵਿੰਦਰ ਸਿੰਘ ਗਰੇਵਾਲ ਨੇ ਏਅਰਪੋਰਟ ਤੋਂ ਸੰਗਤਾਂ ਲਿਆਉਣ-ਛੱਡਣ ਦੀ ਸੇਵਾ ਨਿਭਾਈ। ਵਾਲੰਟੀਅਰਾਂ ਵਿੱਚ ਗੁਰਦੁਆਰਾ ਪੈਲਾਟਾਈਨ ਦੇ ਪ੍ਰਧਾਨ ਜੈਰਾਮ ਸਿੰਘ ਕਾਹਲੋਂ, ਓਂਕਾਰ ਸਿੰਘ ਲਾਲ, ਸਤਨਾਮ ਸਿੰਘ ਗਿੱਲ, ਰਾਜਿੰਦਰ ਸਿੰਘ ਬਾਸੀ, ਰਮਨਦੀਪ ਸਿੰਘ, ਜੁਝਾਰ ਸਿੰਘ ਸਮੇਤ ਭਾਈਚਾਰੇ ਦੇ ਹੋਰਨਾਂ ਅਨੇਕਾਂ ਲੋਕਾਂ ਨੇ ਵੀ ਆਪੋ-ਆਪਣੀਆਂ ਸੇਵਾਵਾਂ ਪ੍ਰਦਾਨ ਕੀਤੀਆਂ। ਖਾਸ ਗੱਲ ਇਹ ਕਿ ਵਿਸ਼ਵ ਧਰਮਾਂ ਦੀ ਸੰਸਦ ਵਿੱਚ ਸਿੱਖ ਭਾਈਚਾਰੇ ਵੱਲੋਂ ਵਧ-ਚੜ੍ਹ ਕੇ ਸ਼ਮੂਲੀਅਤ ਕਰਨ ਦੌਰਾਨ ਜੋ ਖਰਚ ਆਇਆ, ਉਸ ਵਿੱਚ ਮਿਡਵੈਸਟ ਦੀਆਂ ਸੰਗਤਾਂ ਦੇ ਉਚੇਚਾ ਯੋਗਦਾਨ ਪਾਇਆ। ਇਸੇ ਦੌਰਾਨ ਗੁਰੂ ਨਾਨਕ ਨਿਸ਼ਕਾਮ ਸੇਵਾ ਜਥਾ, ਬਰਮਿੰਘਮ ਦੇ ਚੇਅਰਮੈਨ ਭਾਈ ਮਹਿੰਦਰ ਸਿੰਘ ਆਹਲੂਵਾਲੀਆ ਜਥੇ ਨਾਲ ਗੁਰਦੁਆਰਾ ਪੈਲਾਟਾਈਨ ਆਏ ਸੰਗਤ ਨੂੰ ਸੰਬੋਧਨ ਵੀ ਕੀਤਾ।

ਇੰਟਰਫੇਥ ਅਲਾਇੰਸ, ਇੰਟਰਫੇਥ ਲਾਈਟ ਐਂਡ ਪਾਵਰ, ਇੰਟਰਫੇਥ ਰੇਨਫੋਰੈਸਟ ਇਨੀਸ਼ੀਏਟਿਵ ਅਤੇ ਇੰਟਰਫੇਥ ਮਾਰਚ ਫਾਰ ਪੀਸ ਐਂਡ ਜਸਟਿਸ ਵਰਗੇ ਕਈ ਇੰਟਰਫੇਥ ਗਰੁੱਪਾਂ ਦੇ ਵੀ ਬੂਥ ਸਨ। ਜਾਨਵਰਾਂ ਦੀ ਰੱਖਿਆ ਅਤੇ ਸ਼ਾਕਾਹਾਰੀ ਜੀਵਨ ਦੀ ਚੋਣ ਕਰਨ ਦੀ ਵਕਾਲਤ ਕਰਦਾ 'ਇੰਟਰਫੇਥ ਵੇਗਨ ਕੋਲੀਸ਼ਨ ਬੂਥ' ਉਤੇ ਗਾਵਾਂ ਅਤੇ ਹਾਥੀਆਂ ਦੇ ਕਾਰਟੂਨ ਚਿੱਤਰਾਂ ਵਾਲੇ ਸਟਿੱਕਰ ਦਿੱਤੇ ਗਏ। ਇਹ ਵੀ ਦੱਸਿਆ ਜਾ ਰਿਹਾ ਸੀ ਕਿ ਸਿਰਫ਼ ਮਨੁੱਖਾਂ ਲਈ ਹੀ ਨਹੀਂ, ਬਲਕਿ ਸਾਰੇ ਧਰਮਾਂ ਦੇ ਸਾਰੇ ਜੀਵਾਂ ਲਈ ਰਹਿਮ ਅਤੇ ਦਿਆਲਤਾ ਨੂੰ ਉਤਸ਼ਾਹਿਤ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ।

'ਤਜ਼ੂ ਚੀ ਫਾਊਂਡੇਸ਼ਨ' ਦੇ ਬੂਥ ਉਤੇ ਆਫ਼ਤ ਰਾਹਤ ਸਮੱਗਰੀਆਂ ਅਤੇ ਜਲਵਾਯੂ ਲਾਭਾਂ ਤੇ ਧਰਤੀ ਦੀ ਦੇਖਭਾਲ ਨੂੰ ਉਤਸ਼ਾਹਿਤ ਕਰਨ ਵਾਲੇ ਚਾਰਟ ਰਾਹੀਂ ਜਾਣਕਾਰੀ ਸਾਂਝੀ ਕੀਤੀ ਜਾ ਰਹੀ ਸੀ। ਕੋਲ ਹੀ ਬੋਧੀ ਵਿਸ਼ਵਾਸਾਂ ਦੀ ਵਿਆਖਿਆ ਕਰਨ ਵਾਲਾ ਇੱਕ ਬੂਥ ਵੀ ਸੀ, ਜਿੱਥੇ ਬੁੱਧ ਦੀਆਂ ਸਿੱਖਿਆਵਾਂ, ਖਾਸ ਕਰਕੇ ਦਇਆ ਬਾਰੇ ਰੋਜ਼ਾਨਾ ਜੀਵਨ ਵਿੱਚ ਲਾਗੂ ਕਰਨ ਸਬੰਧੀ ਸਿੱਖਿਆ ਦਿੱਤੀ ਜਾ ਰਹੀ ਸੀ। ਉੱਤਰੀ ਅਮਰੀਕਾ ਦੀ ਜ਼ੋਰੋਸਟ੍ਰੀਅਨ ਐਸੋਸੀਏਸ਼ਨਾਂ ਦੇ ਬੂਥ 'ਤੇ ਜ਼ੋਰੋਸਟ੍ਰੀਅਨ ਧਰਮ ਦੇ ਸਿਧਾਂਤਾਂ ਦਾ ਵਰਣਨ ਕੀਤਾ ਗਿਆ- "ਚੰਗੇ ਵਿਚਾਰ, ਚੰਗੇ ਸ਼ਬਦ, ਚੰਗੇ ਕੰਮ- ਇਨ੍ਹਾਂ ਦਾ ਪਾਲਣ ਕਰਦੇ ਰਹੋ ਤਾਂ ਤੁਸੀਂ ਸੰਤ ਹੋ।" ਇੱਕ ਬੂਥ 'ਤੇ ਵਾਲੰਟੀਅਰਾਂ ਨੇ ਮਸਾਜ ਦੀ ਪੇਸ਼ਕਸ਼ ਕੀਤੀ।

ਸ਼ਿਕਾਗੋ ਦਾ ਮਾਹੌਲ ਬਿਜਲਈ ਸੀ। ਮੇਅਰ ਬ੍ਰੈਂਡਨ ਜੌਹਨਸਨ ਨੇ ਬੜੇ ਚਾਅ ਨਾਲ ਕਿਹਾ, "ਇਸ ਪਲ ਵਿੱਚ ਮਨੁੱਖਤਾ ਦੀ ਸਭ ਤੋਂ ਸ਼ਾਨਦਾਰ ਰਚਨਾ ਅਤੇ ਸ਼ਕਤੀ 'ਪਿਆਰ' ਨੂੰ ਪ੍ਰਦਰਸ਼ਿਤ ਕਰਨਾ ਜ਼ਰੂਰੀ ਹੈ।" ਸੰਮੇਲਨ ਨੂੰ ਦੁਨੀਆ ਭਰ 'ਚ ਦੇਖਿਆ ਅਤੇ ਕਵਰ ਕੀਤਾ ਗਿਆ।















# ਲੰਗਰ ਦੇ ਉਪਰਾਲੇ ਕਾਰਨ ਸਿੱਖ ਭਾਈਚਾਰੇ ਦੀ ਭਰਵੀਂ ਸ਼ਲਾਘਾ







**ਸ਼ਿਕਾਗੋ (ਕੁਲਜੀਤ ਦਿਆਲਪੁਰੀ):** ਸਿੱਖ ਭਾਈਚਾਰੇ ਦੇ ਅਸਾਧਾਰਣ ਸਮਰਪਣ ਅਤੇ ਅਟੁੱਟ ਸਮਰਥਨ ਲਈ ਵਿਸ਼ਵ ਧਰਮਾਂ ਦੀ ਸੰਸਦ ਦੌਰਾਨ ਭਰਵੀਂ ਸ਼ਲਾਘਾ ਕੀਤੀ ਗਈ ਹੈ। ਇਸ ਸੇਵਾ ਲਈ ਲੰਗਰ ਛਕਣ ਵਾਲੇ ਹੋਰਨਾਂ ਧਰਮਾਂ ਦੇ ਲੋਕਾਂ ਨੇ ਧੰਨਵਾਦ ਤੇ ਨਿਮਰਤਾ ਨਾਲ ਲਬਰੇਜ਼ ਆਪਣੇ ਵੱਖ ਵੱਖ ਸ਼ਬਦ ਪ੍ਰਗਟਾਏ, ਜਿਸ ਨਾਲ ਸਿੱਖ ਭਾਈਚਾਰੇ ਦਾ ਮਾਣ ਹੋਰ ਵਧਿਆ ਹੈ।

ਜ਼ਿਕਰਯੋਗ ਹੈ ਕਿ 14 ਤੋਂ 18 ਅਗਸਤ ਤੱਕ ਲਗਾਤਾਰ ਪੰਜ ਦਿਨ ਸਿੱਖ ਭਾਈਚਾਰੇ ਨੇ ਸਾਂਝੇ ਉਦਮ ਨਾਲ ਲੰਗਰ ਵਰਤਾਇਆ। ਰੋਜ਼ਾਨਾ ਗੁਰਦੁਆਰਾ ਪੈਲਾਟਾਈਨ ਤੋਂ ਲੰਗਰ ਤਿਆਰ ਹੋ ਕੇ ਸ਼ਿਕਾਗੋ ਪੁੱਜਦਾ ਰਿਹਾ। ਸਥਾਨਕ ਸੰਗਤ ਲੰਗਰ ਦੀਆਂ ਰਸਦਾਂ ਤਿਆਰ ਕਰਨ ਵਿੱਚ ਹੱਥ ਵਟਾਉਂਦੀ ਰਹੀ, ਜਿਨ੍ਹਾਂ ਵਿੱਚ ਕਾਰਸੇਵਾ ਜਥੇ ਦੇ ਮੈਂਬਰ ਵੀ ਸ਼ਾਮਲ ਸਨ। ਗੁਰੂ ਘਰ ਦੇ ਲੰਗਰੀ ਹਰਜੀਤ ਸਿੰਘ ਅਤੇ ਲਾਸ ਏਂਜਲਸ ਤੋਂ ਆਏ ਸਰਬਜੀਤ ਸਿੰਘ ਨੇ ਵੀ ਅਣਥੱਕ ਸੇਵਾ ਕੀਤੀ।

ਸ਼ਿਕਾਗੋ ਵਿੱਚ ਜਿੱਥੇ ਟੈਂਟਾਂ ਹੇਠ ਲੰਗਰ ਵਰਤਾਇਆ ਗਿਆ, ਉਥੇ ਕਰੀਬ 300 ਵਾਲੰਟੀਅਰਾਂ, ਜਿਨ੍ਹਾਂ ਵਿੱਚ ਲੰਡਨ ਤੋਂ ਨਿਸ਼ਕਾਮ ਸੇਵਾ ਜਥੇ ਦੇ 105 ਸਿੱਖ ਸੇਵਾਦਾਰ ਵੀ ਸ਼ਾਮਲ ਸਨ, ਨੇ ਪੂਰੀ ਸੇਵਾ ਭਾਵਨਾ ਤੇ ਹਲੀਮੀ ਨਾਲ ਲੰਗਰ ਛਕਣ ਆਉਣ ਵਾਲਿਆਂ ਦਾ ਸਵਾਗਤ ਕਰਦਿਆਂ ਉਨ੍ਹਾਂ ਨੂੰ ਬੜੇ ਅਦਬ ਨਾਲ ਲੰਗਰ ਛਕਾਇਆ। ਲੰਡਨ ਵਾਲੇ ਜਥੇ ਦੀ ਮੁੱਖ ਭੂਮਿਕਾ ਪੂਰਾ ਸੈੱਟਅਪ ਕਰਨ ਅਤੇ ਤਰਤੀਬਵੱਧ ਲੰਗਰ ਵਰਤਾਉਣ ਵਿੱਚ ਰਹੀ। ਗੁਰਦੁਆਰਾ ਪੈਲਾਟਾਈਨ ਦੀ ਪ੍ਰਬੰਧਕੀ ਕਮੇਟੀ ਅਤੇ ਕਾਰਸੇਵਾ ਜਥੇ ਨੇ ਲੰਡਨ ਵਾਲੇ ਜਥੇ ਨੂੰ ਹਰ ਲੋੜੀਂਦੀ ਵਸਤੂ ਮੁਹੱਈਆ ਕਰਵਾਈ। ਇੱਕ ਅੰਦਾਜ਼ੇ ਅਨੁਸਾਰ ਇਸ ਕਾਰਜ ਵਿੱਚ ਸਿੱਖ ਭਾਈਚਾਰੇ ਨੇ ਲੰਗਰ ਲਈ ਟੈਂਟ ਵਗੈਰਾ ਲਾਉਣ ਲਈ $30,000 ਦਾ ਯੋਗਦਾਨ ਪਾਇਆ।

## ਵਿਸ਼ਵ ਧਰਮ ਸੰਸਦ ਦੇ ਬੋਰਡ ਆਫ਼ ਟਰੱਸਟੀਜ਼ ਵੱਲੋਂ ਲੰਗਰ ਦੀ ਸੇਵਾ ਲਈ ਧੰਨਵਾਦ

ਲੰਗਰ ਵਾਲੀ ਥਾਂ ਮਾਹੌਲ ਹਰ ਇੱਕ ਲਈ ਅਪਣੱਤ ਭਰਪੂਰ ਤੇ ਸੇਵਾ ਭਾਵਨਾ ਵਾਲਾ ਸੀ, ਜੋ ਹੋਰਨਾਂ ਧਰਮਾਂ ਦੇ ਨੁਮਾਇੰਦਿਆਂ ਤੇ ਸ਼ਰਧਾਲੂਆਂ ਨੇ ਮਹਿਸੂਸ ਕੀਤਾ, ਜਿਸ ਕਾਰਨ ਉਹ ਸਿੱਖ ਭਾਈਚਾਰੇ ਦੇ ਇਸ ਉਪਰਾਲੇ ਨੂੰ ਵਡਿਆਉਂਦੇ ਨਹੀਂ ਸਨ ਥੱਕ ਰਹੇ। ਰੋਜ਼ਾਨਾ ਸੈਂਕੜਿਆਂ ਦੀ ਗਿਣਤੀ ਵਿੱਚ ਮੁਫ਼ਤ ਭੋਜਨ ਦੇ ਦਿਆਲਤਾ ਦੇ ਇਸ ਕੰਮ ਨੇ ਨਾ ਸਿਰਫ਼ ਸਾਂਝੇ ਇਕੱਠ ਦੇ ਅਧਿਆਤਮਕ ਅਨੁਭਵ ਨੂੰ ਵਧਾਇਆ, ਸਗੋਂ ਹਾਜ਼ਰੀਨ ਦੇ ਦਿਲਾਂ ਅਤੇ ਰੂਹਾਂ ਨੂੰ ਵੀ ਪੋਸ਼ਣ ਦਿੱਤਾ। ਹਰ ਰੋਜ਼ ਸਿੱਖ ਭਾਈਚਾਰਾ ਚਾਰ ਤੋਂ ਪੰਜ ਹਜ਼ਾਰ ਲੋਕਾਂ ਨੂੰ ਲੰਗਰ ਛਕਾਉਂਦਾ ਰਿਹਾ, ਜੋ ਭਾਈਚਾਰਕ, ਸਮਾਨਤਾ ਅਤੇ ਨਿਰਸਵਾਰਥ ਸੇਵਾ ਦੀਆਂ ਕਦਰਾਂ-ਕੀਮਤਾਂ ਨੂੰ ਮੂਰਤੀਮਾਨ ਕਰਦਾ ਹੈ। ਇਹ ਸਭ ਸਿੱਖੀ ਸਿਧਾਂਤ ਕੇ ਅੰਗ ਹਨ।

ਵਿਸ਼ਵ ਧਰਮ ਸੰਸਦ ਅਨੁਸਾਰ ਇਨ੍ਹਾਂ ਯਤਨਾਂ ਨੇ ਵਿਭਿੰਨ ਭਾਗੀਦਾਰਾਂ ਦੇ ਸਮੂਹ ਵਿੱਚ ਏਕਤਾ ਅਤੇ ਸਮਝ ਨੂੰ ਉਤਸ਼ਾਹਿਤ ਕੀਤਾ ਹੈ, ਜੋ ਸੱਭਿਆਚਾਰਕ ਤੇ ਧਾਰਮਿਕ ਹੱਦਾਂ ਤੋਂ ਪਾਰ ਹੈ। ਸਿੱਖ ਭਾਈਚਾਰੇ ਨੇ ਨਾ ਸਿਰਫ਼ ਲੋਕਾਂ ਦੇ ਢਿੱਡ ਭਰੇ, ਬਲਕਿ ਵੱਖ ਵੱਖ ਭਾਈਚਾਰਿਆਂ ਦੇ ਦਿਲਾਂ ਨੂੰ ਵੀ ਨਿੱਘਾ ਕੀਤਾ। ਵਿਸ਼ਵ ਦੇ ਧਰਮਾਂ ਦੀ ਸੰਸਦ ਦੇ ਬੋਰਡ ਆਫ਼ ਟਰੱਸਟੀਜ਼ ਦੇ ਚੇਅਰ ਨਿਤਿਨ ਅਜਮੇਰਾ ਅਨੁਸਾਰ ਸਾਰੇ ਲੋਕਾਂ ਵਿੱਚ ਸਦਭਾਵਨਾ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਉਨ੍ਹਾਂ ਦਾ ਸਮਰਪਣ ਅੰਤਰ-ਧਰਮ ਸਹਿਯੋਗ ਦੀ ਸ਼ਕਤੀ ਦਾ ਪ੍ਰਮਾਣ ਹੈ। ਅਸੀਂ ਵਿਸ਼ਵ ਧਰਮਾਂ ਦੀ ਪਾਰਲੀਮੈਂਟ ਨੂੰ ਇੱਕ ਸੱਚਮੁੱਚ ਪਰਿਵਰਤਨਸ਼ੀਲ ਅਤੇ ਅਭੁੱਲ ਤਜਰਬਾ ਬਣਾਉਣ ਵਿੱਚ ਅਮੁੱਲ ਭੂਮਿਕਾ ਲਈ ਸਿੱਖ ਭਾਈਚਾਰੇ ਦਾ ਦਿਲੋਂ ਧੰਨਵਾਦ ਕਰਦੇ ਹਾਂ।

ਇਸੇ ਦੌਰਾਨ ਵਿਸ਼ਵ ਧਰਮਾਂ ਦੀ ਸੰਸਦ ਨਾਲ ਜੁੜੇ ਡਾ. ਬਲਵੰਤ ਸਿੰਘ ਹੰਸਰਾ ਨੂੰ ਲਿਖੇ ਇੱਕ ਪੱਤਰ ਵਿੱਚ ਮੁਸਲਿਮ ਭਾਈਚਾਰੇ ਦੇ ਖ਼ੁਤਬ ਐਮ ਉਦੀਨ (ਐਮ.ਡੀ. ਪੀਐਚ.ਡੀ.) ਨੇ ਲੰਗਰ ਦੇ ਪ੍ਰਬੰਧ ਸਬੰਧੀ ਕਿਹਾ ਹੈ ਕਿ ਸਿੱਖ ਕੌਮ ਦਾ ਧੰਨਵਾਦ ਕਰਨ ਲਈ ਉਸ ਕੋਲ ਸ਼ਬਦ ਨਹੀਂ ਹਨ। ਲੰਗਰ ਦੀ ਸੇਵਾ ਮੁੱਖ ਅਤੇ ਦਿਲਕਸ਼ ਸੀ। ਇਹ ਕੰਮ ਕਿੰਨਾ ਔਖਾ ਸੀ, ਪਰ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ। ਉਨ੍ਹਾਂ ਪੱਤਰ ਵਿੱਚ ਹਰਿਮੰਦਰ ਸਾਹਿਬ ਦੇ ਲੰਗਰ ਨੂੰ ਵੀ ਯਾਦ ਕੀਤਾ।



# ਸ਼ਿਕਾਗੋ ਵਿੱਚ '20ਵਾਂ ਗਲੋਬਲ ਪੰਜਾਬੀ ਮਿਲਾਪ' ਕਰਵਾਇਆ

**ਸ਼ਿਕਾਗੋ (ਪੰਜਾਬੀ ਪਰਵਾਜ਼ ਬਿਊਰੋ):** ਚੜ੍ਹਦੇ ਅਤੇ ਲਹਿੰਦੇ ਪੰਜਾਬ ਨਾਲ ਸਬੰਧਤ ਪੰਜਾਬੀ ਭਾਈਚਾਰੇ ਨੇ ਸਾਂਝੇ ਤੌਰ 'ਤੇ 20ਵਾਂ ਗਲੋਬਲ ਪੰਜਾਬੀ ਮਿਲਾਪ ਲੰਘੇ ਐਤਵਾਰ ਇਥੋਂ ਦੀ ਸਬਰਬ ਪੈਲਾਟਾਈਨ ਵਿੱਚ ਕਰਵਾਇਆ, ਜਿਸ ਦਾ ਮਜ਼ਮੂਨ 'ਕਵਿਤਾ ਅਤੇ ਸਾਡੇ ਕਵੀ' ਸੀ। ਇਸ ਮਿਲਾਪ ਦੀ ਵਿਲੱਖਣਤਾ ਇਹ ਹੁੰਦੀ ਹੈ ਕਿ ਇਸ ਵਿੱਚ ਦੋਹਾਂ ਪੰਜਾਬਾਂ ਦੇ ਅਦੀਬ ਵੱਖ ਵੱਖ ਮਜ਼ਮੂਨਾਂ ਅਤੇ ਵਿਚਾਰ ਸਾਂਝੇ ਕਰਦੇ ਹਨ।




ਚੜ੍ਹਦੇ ਤੇ ਲਹਿੰਦੇ ਆਪਣੇ ਲੋਕ: ਦੋਹਾਂ ਪੰਜਾਬਾਂ ਨਾਲ ਸਬੰਧਤ ਵੱਖ ਵੱਖ ਬੁਲਾਰੇ ਆਪਣੀਆਂ ਰਚਨਾਵਾਂ ਤੇ ਵਿਚਾਰ ਪੇਸ਼ ਕਰਦੇ ਹੋਏ

ਸਮਾਗਮ ਦੇ ਇੱਕ ਪ੍ਰਬੰਧਕ ਠਾਕਰ ਸਿੰਘ ਬਸਾਤੀ ਨੇ ਦੱਸਿਆ ਕਿ ਵੈਸੇ ਲਹਿੰਦੇ ਤੇ ਚੜ੍ਹਦੇ ਪੰਜਾਬ ਦੀ ਸਾਂਝੀਵਾਲਤਾ ਸ਼ਿਕਾਗੋ ਵਿੱਚ ਬੜੀ ਦੇਰ ਤੋਂ ਚੱਲ ਰਹੀ ਹੈ, ਪਰ 90ਵਿਆਂ ਵਿੱਚ ਜਗਜੀਤ ਜ਼ੀਰਵੀ ਤੇ ਡਾ. ਸੁਰਜੀਤ ਪਾਤਰ ਦੇ ਆਉਣ 'ਤੇ ਸ਼ਿਵ ਕੁਮਾਰ ਬਟਾਲਵੀ ਸ਼ਾਮ ਮਨਾਈ ਗਈ ਸੀ, ਜਿਸ ਵਿੱਚ ਮਰਹੂਮ ਡਾ. ਇਫਤੀ ਨਸੀਮ ਤੇ ਡਾ. ਜਾਵੇਦ ਭੱਟੀ ਨੇ ਸ਼ਮੂਲੀਅਤ ਕੀਤੀ ਸੀ। ਫਿਰ ਰਲ-ਮਿਲ ਕੇ ਮਹਾਰਾਜਾ ਰਣਜੀਤ ਸਿੰਘ ਦੀ




200ਵੀਂ ਤਾਜਪੋਸ਼ੀ ਦੀ ਸ਼ਾਮ ਮਨਾਈ ਗਈ, ਜਿਸ ਤੋਂ ਮਿਲਾਪ ਦਾ ਮੁੱਢ ਬੱਝਿਆ। ਉਨ੍ਹਾਂ ਦੱਸਿਆ ਕਿ ਫਿਰ ਪਾਕਿਸਤਾਨ ਤੋਂ ਆਏ ਸੂਫੀ ਸ਼ਾਇਰ ਸਾਜਿਦ ਚੌਧਰੀ ਨਾਲ ਪਹਿਚਾਣ ਹੋਈ। ਸੋ 2003 ਦੇ ਪਹਿਲੇ ਮਿਲਾਪ ਵਿੱਚ ਮੁਸਲਮਾਨ ਤੇ ਸਿੱਖ- ਸੋਹਣ ਸਿੰਘ ਹੰਸ ਤੇ ਡਾ. ਜਾਵੇਦ ਭੱਟੀ ਅਤੇ ਠਾਕਰ ਸਿੰਘ ਬਸਾਤੀ ਤੇ ਸਾਜਿਦ ਚੌਧਰੀ ਪੱਗ ਵੱਟ ਭਰਾ ਬਣੇ।

ਠਾਕਰ ਸਿੰਘ ਬਸਾਤੀ ਨੇ ਕਿਹਾ ਕਿ ਅੱਜ ਕੱਲ੍ਹ ਪੰਜਾਬੀ ਕਵਿਤਾ ਜ਼ਿਆਦਾਤਰ ਤੁਕਬੰਦੀ ਤੱਕ ਰਹਿ ਗਈ ਹੈ, ਜਦੋਂਕਿ ਪੰਜਾਬੀ ਵਿੱਚ ਛੰਦ, ਕਬਿੱਤ, ਦੋਹੜੇ, ਬੈਂਤ, ਸਵੱਈਏ, ਛੋਟੀ ਬਹਿਰ ਤੇ ਵੱਡੀ ਬਹਿਰ, ਫੇਲੁਨ, ਫਾਇਲਾਤੁਨ, ਮਫਊਲ ਆਦਿ ਬਹੁਤ ਆਹਲਾ ਵੰਨਗੀਆਂ ਹਨ। ਮਰਹੂਮ ਕਵੀ ਰਣਧੀਰ ਸਿੰਘ ਨਿਊ ਯਾਰਕ ਛੋਟੀ ਬਹਿਰ ਵਿੱਚ ਕਵਿਤਾ ਲਿਖਦੇ ਸਨ।

ਉਪਰੰਤ ਸਾਜਿਦ ਚੌਧਰੀ ਨੇ ਕਿਹਾ ਕਿ ਇਹ ਸਮਾਗਮ ਹਰ ਸ਼ਾਮਿਲ ਪੰਜਾਬੀ ਦਾ ਹੈ। ਉਨ੍ਹਾਂ ਵਿਅੰਗ ਕੀਤਾ ਕਿ ਬਦਕਿਸਮਤ ਹਨ ਉਹ ਲੋਕ, ਜੋ ਪੰਜਾਬੀ ਹੋ ਕੇ ਪੰਜਾਬ ਦੇ ਮਾਣਮੱਤੇ ਵਿਰਸੇ 'ਤੇ ਫਖਰ ਮਹਿਸੂਸ ਨਹੀਂ ਕਰਦੇ। ਉਨ੍ਹਾਂ ਕਿਹਾ ਕਿ ਪੰਜਾਬ ਬੇਸ਼ੱਕ ਸਿਆਸਤੀ ਹੱਦਾਂ ਕਰਕੇ ਦੋ ਹਨ, ਪਰ ਪੰਜਾਬੀਅਤ ਤਾਂ ਇੱਕ ਹੈ। ਸਾਡੇ ਰਸਮ-ਰਿਵਾਜ਼ ਤੇ ਬੋਲੀ ਸਾਂਝੀ ਹੈ। ਉਨ੍ਹਾਂ ਉਚੇਚਾ ਰਜਿਆ ਮਲਿਕ, ਡਾ. ਜਾਵੇਦ ਭੱਟੀ ਤੇ ਗੁਲਾਮ ਮੁਸਤਫਾ ਅੰਜੁਮ ਨੂੰ ਮੰਚ 'ਤੇ ਬੁਲਾਇਆ।

ਨਵਰਾਜ ਬਸਾਤੀ ਨੇ ਸੁਰੀਲੀ ਆਵਾਜ਼ ਵਿੱਚ ਬਾਬਾ ਬੁੱਲੇ ਸ਼ਾਹ ਦੇ ਕਾਫੀਏ ਨਾਲ ਵਾਹ ਵਾਹ ਖੱਟੀ। ਫਿਰ ਉਸ ਨੇ ਪੰਜਾਬੀ ਜ਼ੁਬਾਨ ਦੀ ਅਹਿਮੀਅਤ 'ਤੇ ਚਰਚਾ ਕੀਤੀ। ਉਸ ਨੇ ਕਿਹਾ ਕਿ ਮਾਤ ਭਾਸ਼ਾ ਵਿੱਚ ਹਾਵਭਾਵ ਸਾਂਝੇ ਕਰਨੇ ਸੌਖੇ ਹੁੰਦੇ ਹਨ।

ਗੁਰਦੁਆਰਾ ਵ੍ਹੀਟਨ ਦੇ ਹੈੱਡ ਗ੍ਰੰਥੀ ਭਾਈ ਮਹਿੰਦਰ ਸਿੰਘ ਨੇ 'ਮਿਲਾਪ' ਦੀ ਸ਼ਲਾਘਾ ਕਰਦਿਆਂ ਦੋਹਾਂ ਪੰਜਾਬਾਂ ਵਿੱਚ ਅਮਨ ਅਮਾਨ ਦੀ ਮਹੱਤਤਾ ਉਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਪਰਿਵਾਰਾਂ ਨੂੰ ਘਰਾਂ ਵਿੱਚ ਪੰਜਾਬੀ ਬੋਲਣੀ ਚਾਹੀਦੀ ਹੈ ਤਾਂ ਕਿ ਅਗਲੀ ਪੀੜ੍ਹੀ ਪੰਜਾਬੀ ਤੋਂ ਵਾਕਿਫ ਰਹੇ।

'ਗਲੋਬਲ ਮਿਲਾਪ' ਨਾਲ ਜੁੜੇ ਗੁਰ ਸਿੰਘ (ਰਮਤਾ) ਨੇ ਆਪਣੀ ਕਵਿਤਾ 'ਯਾਰ ਮੇਰੇ ਇਮਾਨ ਮੇਰਾ' ਅਤੇ ਪਰਦੇਸ ਬਾਰੇ ਇਕ ਨਜ਼ਮ ਸੁਣਾਈ, ਜੋ ਗੁਰਨੇਕ ਸਿੰਘ ਝਾਵਰ ਨੇ ਰਿਕਾਰਡ ਕੀਤੀ ਹੈ। ਗੁਰ ਸਿੰਘ ਦਾ ਪਿਛੋਕੜ ਪਾਕਿਸਤਾਨ ਨਾਲ ਜੁੜਿਆ ਹੋਇਆ ਹੈ।

ਬੀਬੀ ਸੁਰਜੀਤ ਕੌਰ ਗਿੱਲ ਨੇ ਦੋ ਕਵਿਤਾਵਾਂ 'ਮਾਂ ਬੋਲੀ ਸਾਂਝੀ ਬੋਲੀ' ਅਤੇ 'ਪਰਦੇਸੀ ਹੋ ਗਏ ਸਾਰੇ' ਸੁਣਾ ਕੇ ਵਾਹ ਵਾਹ ਖੱਟੀ। ਉਨ੍ਹਾਂ ਬਿਰਧ ਉਮਰੇ ਕਵਿਤਾ ਨੂੰ ਸਹਾਰਾ ਬਣਾਇਆ ਹੋਇਆ ਹੈ।

ਪਾਕਿਸਤਾਨ ਤੋਂ ਖਾਸ ਤੌਰ 'ਤੇ ਆਈ ਮੁਹਤਰਮਾ ਰਜਿਆ ਮਲਿਕ, ਜੋ ਇੱਕ ਸਮਾਜਿਕ ਸੰਸਥਾ ਨਾਲ ਕੰਮ ਕਰਦੀ ਹੈ, ਨੂੰ ਅਚੰਭਾ ਹੋਇਆ ਕਿ ਬਾਹਰ ਪੰਜਾਬੀ ਆਪਸ ਵਿੱਚ ਇੰਨਾ ਮਿਲਦੇ-ਵਰਤਦੇ ਹਨ ਅਤੇ ਬਾਰਡਰ 'ਤੇ ਜਾਂ ਨਾਹਰੇਬਾਜ਼ੀ 'ਚ ਐਨੀ ਮੁਖਾਲਫਤ! ਉਨ੍ਹਾਂ ਪੰਜਾਬੀ ਵਿੱਚ ਨਜ਼ਮ ਪੇਸ਼ ਕੀਤੀ ਤੇ ਨਾਲ ਆਏ ਫਾਰੂਖ ਸਾਹਿਬ ਦੀ ਇੱਕ ਕਿਤਾਬ ਦੀ ਘੁੰਢ ਚੁਕਾਈ ਕੀਤੀ। ਡਾ. ਹਸੀਜਾ ਦੀ ਬਹਾਵਲਪੁਰ ਸਮਾਜ ਬਾਰੇ ਪੁਸਤਕ ਅਤੇ ਕਿਰਪਾਲ ਕੌਰ ਦੀ ਕਹਾਣੀਆਂ ਦੀ ਕਿਤਾਬ 'ਪਿੰਡ ਦੀ ਕਰਾਮਾਤ' ਵੀ ਰਿਲੀਜ਼ ਕੀਤੀ ਗਈ।

ਇਸ ਮੌਕੇ ਕੈਨੇਡਾ ਤੋਂ ਆਏ ਕਵੀ ਗਿਆਨ ਸਿੰਘ ਦਰਦੀ ਨੇ ਆਪਣੀ ਨਜ਼ਮ 'ਇਨਸਾਨ ਨੂੰ ਸੰਸਾਰ ਦੇ ਵਿੱਚ ਪਿਆਰ ਨਹੀਂ ਮਿਲਦਾ' ਸੁਣਾਈ। ਉਨ੍ਹਾਂ ਗਜ਼ਲਾਂ- 'ਕੋਲ ਜੇ ਦਿਲਬਰ ਨਹੀਂ' ਅਤੇ 'ਚੁਰਸਤੇ ਵਿੱਚ ਖੜ੍ਹਾ ਦੇਖਿਆ' ਵੀ ਸੁਣਾਈਆਂ। ਉਨ੍ਹਾਂ ਕਿਤਾਬਾਂ- ਕੇਸਰ ਦੇ ਫੁੱਲ, ਆਥਣ ਦੀ ਲੋਅ, ਪੰਧ ਹਯਾਤੀ ਤੇ ਆਕਾਸ਼ ਗੰਗਾ ਵੀ ਛਪਵਾਈਆਂ ਹਨ।

ਡਾ. ਅਫਜ਼ਲ ਰਹਿਮਾਨ ਨੇ ਕੁਝ ਸ਼ੇਅਰ ਸੁਣਾ ਕੇ ਹਾਜ਼ਰੀ ਲੁਆਈ। ਵੈਸੇ ਉਹ ਉਰਦੂ 'ਚ ਬੋਲਦੇ ਹਨ, ਉਨ੍ਹਾਂ ਪੰਜਾਬੀ ਉਤੇ ਬਹੁਤ ਵਧੀਆ ਸਲਾਈਡਸ ਬਣਾਈਆਂ ਹੋਈਆਂ ਹਨ, ਪਰ ਤਕਨੀਕੀ ਕਾਰਨਾਂ ਕਰ ਕੇ ਦਿਖਾਈਆਂ ਨਹੀਂ ਜਾ ਸਕੀਆਂ। ਉਪਰੰਤ ਮੀਆਂ ਸਕਲੇਨ ਨੇ ਕਿਹਾ ਕਿ ਫਿਕਰ ਅਗਲੀ ਪੀੜ੍ਹੀ ਦਾ ਹੈ, ਉਹ ਕਿਵੇਂ ਪੰਜਾਬੀ ਨਾਲ ਜੁੜੀ ਰਹੇਗੀ? ਕਿਉਂਕਿ ਘਰਾਂ ਵਿੱਚ ਪੰਜਾਬੀ ਦਾ ਅਭਿਆਸ ਘਟਦਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬੀ ਐਨੀ ਮਿੱਠੀ ਜ਼ੁਬਾਨ ਹੈ ਕਿ ਜਦੋਂ ਕੋਈ 'ਵੀਰਾ' ਕਹਿ ਕੇ ਬੁਲਾ ਲਵੇ ਤਾਂ ਰਿਸ਼ਤਾ ਬਣ ਜਾਂਦਾ ਹੈ। ਉਨ੍ਹਾਂ ਡਾ. ਇਕਬਾਲ ਦਾ ਸ਼ੇਅਰ 'ਖੁਦੀ ਕੋ ਕਰ ਬੁਲੰਦ ਇਤਨਾ' ਦਾ ਪੰਜਾਬੀ ਅਨੁਵਾਦ ਸੁਣਾਇਆ।

ਭਾਸ਼ਾ ਵਿਭਾਗ ਪੰਜਾਬ ਦੇ ਸਾਬਕਾ ਡਾਇਰੈਕਟਰ ਡਾ. ਮਦਨ ਲਾਲ ਹਸੀਜਾ ਨੇ ਮਰਹੂਮ ਕਵਿਤਰੀ ਤੇ ਲੇਖਿਕਾ ਪ੍ਰਭਜੋਤ ਕੌਰ ਬਾਰੇ ਗੱਲਬਾਤ ਕੀਤੀ, ਜੋ ਸੱਚਰ ਪਰਿਵਾਰ ਤੋਂ ਸੀ। ਅੱਠ ਸਾਲ ਦੀ ਉਮਰ ਵਿੱਚ ਉਸ ਨੇ ਲਿਖਣਾ ਸ਼ੁਰੂ ਕੀਤਾ ਤੇ 19 ਸਾਲ ਦੀ ਉਮਰ ਵਿੱਚ ਪਹਿਲੀ ਕਿਤਾਬ ਛਪੀ। ਡਾ. ਹਸੀਜਾ ਨੇ ਦੱਸਿਆ ਕਿ ਪ੍ਰਭਜੋਤ ਕੌਰ ਨੇ ਵਧੇਰੇ ਆਜ਼ਾਦੀ ਘੁਲਾਟੀਆਂ ਬਾਰੇ ਲਿਖਿਆ। ਪੇਂਡੂ ਪਿਛੋਕੜ ਹੋਣ ਕਾਰਨ ਉਸ ਨੇ ਪੇਂਡੂ ਸੱਭਿਆਚਾਰ ਬਾਰੇ ਬਹੁਤ ਕੁਝ ਲਿਖਿਆ। ਉਸ ਨੂੰ ਸਾਹਿਤਕ ਅਕਾਦਮੀ ਇਨਾਮ ਮਿਲਿਆ। ਉਸ ਦੇ ਪਤੀ ਨਰਿੰਦਰਪਾਲ ਸਿੰਘ ਵਧੀਆ ਲੇਖਕ ਸਨ ਅਤੇ ਬੇਟੀ ਨਿਰੁਪਮਾ ਭਾਰਤੀ ਪਾਰਲੀਮੈਂਟ ਦੇ ਪਹਿਲੇ ਸਪੀਕਰ ਹੁਕਮ ਸਿੰਘ ਦੇ ਬੇਟੇ ਨੂੰ ਵਿਆਹੀ ਸੀ ਤੇ ਦੂਜੀ ਬੇਟੀ ਅਨੁਪਮਾ ਭਾਰਤੀ ਫੌਜ ਦੇ ਸਾਬਕਾ ਮੁਖੀ ਜੇ. ਜੇ. ਸਿੰਘ ਨੂੰ ਵਿਆਹੀ ਸੀ। ਜੁਲਾਈ 1924 ਵਿੱਚ ਸਾਂਝੇ ਪੰਜਾਬ ਦੇ ਗੁਜਰਾਤ ਜ਼ਿਲ੍ਹੇ ਦੇ ਝੰਗ ਸਿਆਲ ਵਿੱਚ ਜੰਮੀ ਪ੍ਰਭਜੋਤ ਕੌਰ 24 ਨਵੰਬਰ 2016 ਨੂੰ ਅਲਵਿਦਾ ਆਖ ਗਈ। ਡਾ. ਹਸੀਜਾ ਨੇ ਪ੍ਰਭਜੋਤ ਕੌਰ ਦੀ ਨਜ਼ਮ 'ਸੁਪਨੇ' ਵਧੀਆ ਤਰੀਕੇ ਨਾਲ ਸੁਣਾਈ।

ਉਭਰਦੀ ਕਵਿਤਰੀ ਤਾਹਿਰਾ ਰੇਦਾ ਨੇ ਕਿਹਾ ਕਿ ਪੰਜਾਬੀ ਦੀ ਮਕਬੂਲੀਅਤ ਤੇ ਖਜ਼ਾਨਾ ਦੇਖ ਉਸ ਨੇ ਮੁੜ ਪੰਜਾਬੀ ਅਖਵਾਉਣ ਵਿੱਚ ਮਾਣ ਮਹਿਸੂਸ ਕੀਤਾ। ਉਹ ਪਹਿਲਾਂ ਪੰਜਾਬੀ ਤੋਂ ਨਿਖੜ ਗਈ ਸੀ। ਉਸ ਨੇ ਆਪਣੀਆਂ ਨਜ਼ਮਾਂ ਵੱਖਰੇ ਅੰਦਾਜ਼ ਵਿੱਚ ਪੇਸ਼ ਕੀਤੀਆਂ: 'ਗੱਡੀਏ ਕਾਹਨੂੰ ਕੂਕਦੀ ਏਂ' ਅਤੇ 'ਆਪਣੇ ਦਿਲ 'ਤੇ ਜ਼ੋਰ ਨਹੀਂ, ਕੀ ਕਰੀਏ; ਤੇਰੇ ਵਰਗਾ ਕੋਈ ਹੋਰ ਨਹੀਂ, ਕੀ ਕਰੀਏ।'

ਕੈਨੇਡਾ ਤੋਂ ਆਏ ਕਵੀ ਜਸਪਾਲ ਸਿੰਘ ਦੇਸੂਵੀ ਨੇ ਆਪਣੀ ਨਜ਼ਮ 'ਬੇਖੌਫ ਹੋ ਕੇ ਨਫਰਤ ਦੀ ਵਾ ਸ਼ਹਿਰ ਵਿੱਚ ਵਗਦੀ ਹੈ, ਸ਼ਹਿਰ ਦੀ ਹਰ ਗਲੀ ਬਸ ਸਹਿਕਦੀ ਵਗਦੀ ਹੈ' ਸੁਣਾਈ। ਉਨ੍ਹਾਂ ਦਾ ਸੂਫੀ ਕਾਵਿ ਸੰਗ੍ਰਹਿ 'ਸਵਾਤੀ ਬੂੰਦ' 2014 ਵਿੱਚ ਛਪਿਆ ਸੀ ਅਤੇ ਜਾਮ ਫਿਰੋਜੀ ਤੇ ਜਗਤ ਤਮਾਸ਼ਾ ਕਾਵਿ ਸੰਗ੍ਰਹਿ ਵੀ ਛਪ ਚੁਕੇ ਹਨ। ਉਨ੍ਹਾਂ ਕਿਹਾ ਕਿ ਉਹ ਹਰ ਸਾਲ ਪੰਜਾਬੀ ਦੀਆਂ ਦੋ ਕਿਤਾਬਾਂ ਆਪਣੇ ਖਰਚੇ 'ਤੇ ਛਪਵਾਉਣਗੇ। ਇਸੇ ਦੌਰਾਨ ਡਾ. ਹਸੀਜਾ ਨੇ ਵੀ ਵਾਅਦਾ ਕੀਤਾ ਕਿ ਉਹ ਦੋ ਕਿਤਾਬਾਂ, ਜੋ ਛਪਣ ਕਾਬਲ ਹੋਣ, ਪੰਜਾਬ ਰਾਈਟਰਜ਼ ਤੇ ਕਲਚਰਲ ਫੋਰਮ ਆਪਣੇ ਖਰਚੇ 'ਤੇ ਛਪਵਾਏਗਾ।

ਯਾਸਿਨ ਚੌਹਾਨ ਨੇ ਜਦੋਂ ਤਰੰਨਮ ਵਿੱਚ ਗਾਇਆ ਤਾਂ ਸਰੋਤੇ ਮੰਤਰਮੁਗਧ ਹੋ ਗਏ। ਉਹ ਬੁਲੰਦ ਆਵਾਜ਼ ਵਿੱਚ ਜਦੋਂ ਸੈਫਲ ਮਲੂਕ ਦਾ ਕਿੱਸਾ ਛੇੜਦੇ ਹਨ, ਤਾਂ ਇੰਜ ਲੱਗਦਾ ਹੈ ਜਿਵੇਂ ਉਨ੍ਹਾਂ ਦੀ ਆਪਣੀ ਹੱਡਬੀਤੀ ਹੋਵੇ। ਉਨ੍ਹਾਂ ਦੀ ਲਫਜ਼ਾਂ 'ਤੇ ਪਕੜ ਬੜੀ ਜ਼ਬਰਦਸਤ ਹੈ। ਡਾ. ਜਾਵੇਦ ਭੱਟੀ ਨੇ ਬਾਬਾ ਫਰੀਦ ਜੀ ਅਤੇ ਅਜੋਕੇ ਕਵੀਆਂ ਬਾਰੇ ਸਾਂਝ ਪਾਈ।

ਨਾਨਕਸਰ ਸਿੱਖ ਟੈਂਪਲ ਰਾਕਫੋਰਡ ਦੇ ਮੁਖੀ ਬਾਬਾ ਦਲਜੀਤ ਸਿੰਘ ਨੇ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਛੰਦ, ਦੋਹਰੇ ਬਾਰੇ ਸਰੋਤਿਆਂ ਨੂੰ ਜਾਣੂੰ ਕਰਵਾਇਆ। ਬਹੁਤਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੇ ਅਨਮੋਲ ਖਜ਼ਾਨੇ ਬਾਰੇ ਪਤਾ ਨਹੀਂ ਸੀ। ਉਨ੍ਹਾਂ ਦੀ 22 ਧਾਰਮਿਕ ਕਵਿਤਾਵਾਂ ਦੀ ਕਿਤਾਬ ਜਲਦੀ ਹੀ ਉਪਲਬਧ ਹੋਵੇਗੀ।

ਮਿਲਵਾਕੀ ਤੋਂ ਦਰਸ਼ਨ ਸਿੰਘ ਗਰੇਵਾਲ ਇੱਕ ਕਵਿਤਾ ਸੁਣਾਈ। ਐਂਕਰ ਗੁਰਲੀਨ ਕੌਰ ਨੇ ਆਪਣੇ ਸ਼ੇਅਰਾਂ ਰਾਹੀਂ ਹਾਜ਼ਰੀ ਲੁਆਈ। ਆਦਿਬ ਰਸ਼ੀਦ ਨੇ ਆਪਣੀ ਨਜ਼ਮ 'ਤੇਰਾ ਧੁੱਪ ਵਰਗਾ ਰੰਗ ਬੱਲੀਏ' ਸੁਣਾਈ। ਕਵੀ ਰਾਜ ਲਾਲੀ ਬਟਾਲਾ ਨੇ ਤਰੰਨਮ ਵਿੱਚ ਆਪਣੀ ਰਚਨਾ ਸੁਣਾਈ। ਕਵਿਤਰੀ ਰਾਕਿੰਦ ਕੌਰ ਨੇ ਵੀ ਕਵਿਤਾ ਸੁਣਾਈ।

ਰਵਿੰਦਰ ਸਹਿਰਾਅ ਨੇ ਚੜ੍ਹਦੇ ਪੰਜਾਬ ਦੇ ਜੰਮਪਲ ਇਨਕਲਾਬੀ ਕਵੀ ਪਾਸ਼ ਬਾਰੇ ਗੱਲਾਂ ਕੀਤੀਆਂ ਅਤੇ ਪਾਸ਼ ਦੀ ਕਵਿਤਾ 'ਸਭ ਤੋਂ ਖਤਰਨਾਕ' ਸਾਂਝੀ ਕੀਤੀ। ਉਨ੍ਹਾਂ ਪਾਕਿਸਤਾਨ ਫੇਰੀ ਦੌਰਾਨ ਬਾਬਾ ਨਜ਼ਮੀ ਦੇ ਹਵਾਲੇ ਨਾਲ ਗੁਰਮੁਖੀ ਤੇ ਸ਼ਾਹਮੁਖੀ ਦਾ ਵੀ ਜ਼ਿਕਰ ਕੀਤਾ। ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਥੀ ਵੀ ਸਮਾਗਮ ਵਿੱਚ ਸ਼ਾਮਲ ਹੋਏ ਅਤੇ 'ਗਲੋਬਲ ਮਿਲਾਪ' ਜਿਹੇ ਉਪਰਾਲੇ ਦੀ ਸ਼ਲਾਘਾ ਕੀਤੀ। ਚਰਚ ਦੇ ਪਾਸਟਰ ਸੇਥ ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ ਗਿਆ।



ਯਾਦਗਾਰੀ ਪਲ: (ਖੱਬੇ) ਕਿਤਾਬਾਂ ਜਾਰੀ ਕਰਨ ਦੀ ਰਸਮ ਤੇ (ਸੱਜੇ) ਕਾਂਗਰਸਮੈਨ ਰਾਜਾ ਕ੍ਰਿਸ਼ਨਾਮੂਰਥੀ ਦਾ ਸਵਾਗਤ ਕਰਦਿਆਂ

# ਨਸ਼ਿਆਂ ਵਿਰੁੱਧ ਮੁਹਿੰਮ






ਜੰਗ ਸਿੰਘ ਮਰਸਡ
ਫੋਨ: +1 415-603-7380

ਸਰਕਾਰਾਂ, ਸਿਆਸੀ ਲੋਕ, ਪੁਲੀਸ ਤੇ ਅਫਸਰਸ਼ਾਹੀ ਨਸ਼ੇ ਨਹੀਂ ਹਟਾਉਣਗੇ, ਕਿਉਂਕਿ ਇਨ੍ਹਾਂ ਨਾਲ ਤਾਂ ਬਹੁਤਿਆਂ ਦੇ ਘਰ ਧਨ ਨਾਲ ਭਰਦੇ ਹਨ। ਪੰਜਾਬ ਦੇ ਲੋਕ ਵਿਸ਼ੇਸ਼ ਕਰਕੇ 2007 ਤੋਂ ਵੇਖ ਰਹੇ ਹਨ ਕਿ ਜਦੋਂ ਤੋਂ ਚਿੱਟਾ ਨਸ਼ਾ ਪੰਜਾਬ ਵਿੱਚ ਸ਼ੁਰੂ ਹੋਇਆ ਹੈ, ਇਹ ਘਟਣ ਦਾ ਨਾਂ ਨਹੀਂ ਲੈ ਰਿਹਾ, ਬਲਕਿ ਹਰ ਸਾਲ ਵੱਧਦਾ ਜਾ ਰਿਹਾ ਹੈ ਅਤੇ ਪੰਜਾਬ ਦੀ ਜੁਆਨੀ ਨੂੰ ਮੂੰਹ ਪਾੜ੍ਹ ਪਾੜ੍ਹ ਕੇ ਲੰਘਾਈ ਹੀ ਜਾ ਰਿਹਾ ਹੈ। ਪੰਜਾਬ ਦੇ ਲੋਕਾਂ ਨੂੰ ਗੱਲ ਚੰਗੀ ਤਰ੍ਹਾਂ ਸਮਝ ਪੈ ਗਈ ਕਿ ਚਾਹੇ ਅਕਾਲੀ-ਭਾਜਪਾ ਦੀ ਸਰਕਾਰ ਸੀ ਜਾਂ ਫਿਰ ਕੈਪਟਨ ਅਮਰਿੰਦਰ ਸਿੰਘ ਦੀ ਸਰਕਾਰ ਸੀ, ਨਸ਼ੇ ਦੇ ਵਪਾਰੀਆਂ ਨੂੰ ਕਿਸੇ ਨੇ ਕਰੜੇ ਹੱਥੀਂ ਨਹੀਂ ਲਿਆ, ਸਗੋਂ ਪੁਸ਼ਤਪਨਾਹੀ ਜ਼ਰੂਰ ਕੀਤੀ ਹੈ। ਕੈਪਟਨ ਅਮਰਿੰਦਰ ਸਿੰਘ ਨੇ ਗੁਰਬਾਣੀ ਦਾ ਗੁਟਕਾ ਹੱਥ ਵਿੱਚ ਫੜ੍ਹ ਸਹੁੰ ਖਾ ਕੇ ਨਸ਼ਿਆਂ ਨੂੰ ਖਤਮ ਕਰਨ ਦਾ ਪੰਜਾਬੀਆਂ ਨੂੰ ਯਕੀਨ ਹੀ ਦੁਆਇਆ ਸੀ, ਪਰ ਨਸ਼ੇ ਖਤਮ ਨਹੀਂ ਕੀਤੇ। ਕੈਪਟਨ ਰਾਜ ਵਿੱਚ ਵੀ ਨਸ਼ਿਆ ਵਿੱਚ ਹੋਰ ਵਾਧਾ ਹੋਣ ਦੀਆਂ ਖ਼ਬਰਾਂ ਸਮੇਂ ਸਮੇਂ ਅਖਬਾਰਾਂ ਦਾ ਸ਼ਿੰਗਾਰ ਬਣਦੀਆਂ ਰਹੀਆਂ ਸਨ। ਅਕਾਲੀ-ਭਾਜਪਾ ਸਰਕਾਰ ਦੇ ਤਾਂ ਕਹਿਣੇ ਹੀ ਕੀ! ਉਸ ਦੇ ਕੁਝ ਸਿਰਕੱਢ ਮੰਤਰੀਆਂ ਉਤੇ ਦੋਸ਼ ਲਗਦੇ ਰਹੇ ਹਨ ਕਿ ਇਹ ਤਾਂ ਖੁਦ ਆਪ ਨਸ਼ਿਆਂ ਦਾ ਧੰਦਾ ਕਰਨ ਵਾਲੇ ਵਪਾਰੀ ਸਨ। ਇਨ੍ਹਾਂ ਵਲੋਂ ਨਸ਼ੇ ਬੰਦ ਕੀਤੇ ਜਾਣਗੇ, ਮੂਰਖਾਂ ਦੀ ਦੁਨੀਆ ਵਿੱਚ ਵਸਣ ਵਾਲੀ ਗੱਲ ਹੀ ਲਗਦੀ ਸੀ।

ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਤੋਂ ਪਹਿਲਾਂ ਇਸ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਨੇ ਸੰਘ ਪਾੜ੍ਹ ਪਾੜ੍ਹ ਕੇ ਪੰਜਾਬ ਦੇ ਲੋਕਾਂ ਨਾਲ ਵਾਅਦਾ ਕਰਦਿਆਂ ਕਿਹਾ ਸੀ ਕਿ ਸਾਡੀ ਸਰਕਾਰ ਬਣਾਓ, ਜੋ ਸਰਕਾਰ ਦੇ ਬਣਨ ਉਪਰੰਤ ਤਿੰਨ ਮਹੀਨਿਆਂ ਵਿੱਚ ਪੰਜਾਬ ਵਿੱਚੋਂ ਨਸ਼ੇ ਖਤਮ ਕਰ ਦੇਵੇਗੀ। ਪੰਜਾਬ ਦੇ ਲੋਕਾਂ ਨੂੰ ਉਨ੍ਹਾਂ ਦੇ ਕਈ ਹੋਰ ਪ੍ਰਕਾਰ ਦੇ ਮਸਲੇ ਹੱਲ ਕੀਤੇ ਜਾਣ ਦੇ ਸਬਜ ਬਾਗ ਵੀ ਵਿਖਾਏ ਗਏ ਸਨ, ਪਰ ਆਮ ਆਦਮੀ ਪਾਰਟੀ ਦੀ ਸਰਕਾਰ ਦੌਰਾਨ ਕਿੰਨੇ ਕੁ ਨਸ਼ੇ ਹਟੇ ਹਨ ਤੇ ਪੰਜਾਬ ਦੇ ਲੋਕਾਂ ਦੀਆਂ ਹੋਰ ਸਮੱਸਿਆਵਾਂ ਦਾ ਕਿੰਨਾ ਕੁ ਹੱਲ ਹੋਇਆ ਹੈ?

ਪਰਵਿੰਦਰ ਸਿੰਘ ਝੋਟਾ ਨੇ ਮਾਨਸਾ ਤੇ ਉਸ ਦੇ ਨਾਲ ਲਗਦੇ ਇਲਾਕੇ ਵਿੱਚੋਂ ਨਸ਼ਿਆਂ ਨੂੰ ਸਮਾਪਤ ਕਰਨ ਲਈ ਲਹਿਰ ਚਲਾਈ, ਕਿਉਂਕਿ ਉਸ ਨੂੰ ਆਪਣੀ ਪਿਛੋਕੜ ਦੀ ਜ਼ਿੰਦਗੀ ਤੋਂ ਸਬਕ ਮਿਲ ਗਿਆ ਸੀ ਕਿ ਇਹ ਨਸ਼ੇ ਹੀ ਹਨ, ਜੋ ਉਨ੍ਹਾਂ ਦੇ ਘਰ-ਬਾਰ, ਪਰਿਵਾਰ, ਬੱਚਿਆਂ- ਸਭ ਦੀ ਬਰਬਾਦੀ ਦਾ ਕਾਰਨ ਬਣਦੇ ਰਹੇ ਹਨ। ਉਹ ਆਪ ਇਸ ਦਾ ਸੰਤਾਪ ਭੋਗਣ ਦੇ ਨਾਲ ਦੁੱਖ ਵੀ ਹੰਢਾ ਰਿਹਾ ਸੀ। ਇਸੇ ਕਾਰਨ ਉਹ ਕਈ ਪ੍ਰਕਾਰ ਦੇ ਜੁਰਮਾਂ ਵਿੱਚ ਸ਼ਾਮਲ ਹੋਣ ਦੇ ਨਾਲ ਕਈ ਕਿਸਮ ਦੇ ਮੁਕੱਦਮੇ ਵੀ ਭੁਗਤ ਰਿਹਾ ਹੈ। ਉਸ ਦੀ ਸੋਚ ਹੈ ਕਿ ਸਭ ਨੌਜੁਆਨਾਂ ਨੂੰ ਲਾਮਬੰਦ ਕਰਕੇ ਨਸ਼ੇ ਸਮਾਪਤ ਕਰਨੇ ਪੈਣੇ ਹਨ। ਉਸ ਨੇ ਮਾਨਸਾ ਵਿਖੇ ਨਸ਼ੇ ਵੇਚ ਰਹੇ ਮੈਡੀਕਲ ਸਟੋਰਾਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਸਰਕਾਰ ਨੇ ਨਸ਼ੇ ਦੇ ਵਪਾਰੀਆਂ ਵਿਰੁੱਧ ਕਾਰਵਾਈ ਕਰਨ ਦੀ ਥਾਂ ਮਾਨਸਾ ਪੁਲੀਸ ਨੇ ਪਰਵਿੰਦਰ ਸਿੰਘ ਝੋਟਾ ਦੇ ਵਿਰੁੱਧ ਹੀ ਮੁਕਦਮੇ ਦਰਜ ਕਰ ਕੇ ਜੇਲ੍ਹੀਂ ਡੱਕਿਆ ਹੋਇਆ ਹੈ। ਹਾਲਾਂਕਿ ਇਸੇ ਝੋਟੇ ਨੇ ਪਿੰਡਾਂ ਵਿੱਚ ਜਾ ਜਾ ਕੇ ਲੋਕਾਂ ਨੂੰ ਜਾਗ੍ਰਿਤ ਕਰਨ ਦੇ ਨਾਲ ਨਸ਼ਾ ਵਿਰੋਧੀ ਕਮੇਟੀਆਂ ਸਥਾਪਤ ਕਰਵਾਈਆਂ ਹੋਈਆਂ ਹਨ। ਇਲਾਕੇ ਦੀਆਂ ਨਸ਼ਾ ਵਿਰੋਧੀ ਕਮੇਟੀਆਂ ਦੇ ਮੈਂਬਰਾਂ ਤੇ ਹੋਰ ਲੋਕ ਜਥੇਬੰਦੀਆਂ ਦੇ ਆਗੂਆਂ ਨੇ ਬੀਤੀ 23 ਜੁਲਾਈ ਨੂੰ ਮਾਨਸਾ ਵਿਖੇ ਲਾ ਮਿਸਾਲ ਇਕੱਠ ਕਰਕੇ ਪਰਵਿੰਦਰ ਸਿੰਘ ਝੋਟਾ ਦੀ ਰਿਹਾਈ ਦੀ ਮੰਗ ਕੀਤੀ ਸੀ, ਪਰ ਮੁੱਖ ਮੰਤਰੀ ਨੇ ਹਾਲੇ ਤਕ ਇਸ ਮਾਮਲੇ ਵਿੱਚ ਖਾਮੋਸ਼ੀ ਧਾਰੀ ਹੋਈ ਹੈ। ਮਾਨਸਾ ਇਲਾਕੇ ਦੀਆਂ ਨਸ਼ਾ ਵਿਰੋਧੀ ਕਮੇਟੀਆਂ, ਲੋਕ ਜਥੇਬੰਦੀਆਂ ਤੋਂ ਬਿਨਾ ਸਾਰੀਆਂ ਕਿਸਾਨ ਸਭਾਵਾਂ ਦੇ ਆਗੂ ਵੀ ਵੱਡੀ ਪੱਧਰ ਉੱਤੇ ਮਾਨਸਾ ਵਿਖੇ ਪਰਵਿੰਦਰ ਸਿੰਘ ਝੋਟਾ ਦੀ ਰਿਹਾਈ ਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕੀਤੇ ਜਾਣ ਦੀਆਂ ਮੰਗਾਂ ਨੂੰ ਲੈ ਕੇ 16 ਅਗਸਤ ਨੂੰ ਮਾਨਸਾ ਵਿਖੇ ਵਿਸ਼ਾਲ ਇਕੱਠ ਕਰ ਚੁੱਕੇ ਹਨ, ਪਰ ਸਰਕਾਰ ਢੀਠ ਬਣੀ ਹੋਈ ਹੈ।

ਪੰਜਾਬ ਵਿੱਚ ਰਾਜ ਕਰ ਚੁੱਕੀਆਂ ਸਰਕਾਰਾਂ ਚਾਹੇ ਅਕਾਲੀ-ਭਾਜਪਾ ਸਰਕਾਰ ਸੀ, ਕਾਂਗਰਸ ਪਾਰਟੀ ਦੀ ਸਰਕਾਰ ਸੀ ਜਾਂ ਫਿਰ ਹੁਣ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਹੈ-ਸਭ ਇਹ ਕਹਿੰਦੀਆਂ ਆ ਰਹੀਆਂ ਹਨ ਕਿ ਨਸ਼ੇ ਪਾਕਿਸਤਾਨ ਤੋਂ ਆਉਂਦੇ ਹਨ। ਉਨਾਂ ਕੋਲੋਂ ਪੁੱਛਿਆ ਜਾਵੇ ਕਿ ਹਿੰਦ-ਪਾਕਿ ਸਰਹੱਦ ਉੱਤੇ ਬੀ.ਐਸ.ਐਫ., ਫੌਜ, ਪੁਲੀਸ ਬੈਠੀਆਂ ਹਨ, ਜੇ ਇਨ੍ਹਾਂ ਦੇ ਮੁਸਤੈਦ ਹੁੰਦਿਆਂ ਵੀ ਨਾਲ ਲਗਦੇ ਮੁਲਕ ਵਿੱਚੋਂ ਨਸ਼ੇ ਆ ਰਹੇ ਹਨ ਤਾਂ ਫਿਰ ਸਰਕਾਰਾਂ ਦੀ ਹੀ ਨਾਕਾਮਯਾਬੀ ਹੈ, ਆਮ ਲੋਕਾਂ ਦਾ ਕੀ ਕਸੂਰ ਹੈ?

ਅਸਲ ਵਿੱਚ ਲੱਗ ਇੰਝ ਰਿਹਾ ਹੈ, ਜਿਵੇਂ ਸਰਕਾਰਾਂ ਆਪ ਹੀ ਨਸ਼ੇ ਖਤਮ ਨਹੀਂ ਕਰਨਾ ਚਾਹੁੰਦੀਆਂ, ਸਿਰਫ ਲੋਕਾਂ ਨੂੰ ਹੀ ਇਸ ਨਾਂ 'ਤੇ ਮੂਰਖ ਬਣਾ ਕੇ ਵੋਟਾਂ ਬਟੋਰਦੀਆਂ ਆ ਰਹੀਆਂ ਹਨ। ਕਈ ਵਾਰੀ ਇਹ ਖਿਆਲ ਵੀ ਆਉਂਦਾ ਹੈ ਕਿ ਸਰਕਾਰਾਂ ਹੀ ਲੁਟੇਰੀਆਂ ਨਹੀਂ ਬਣੀਆਂ, ਬਲਕਿ ਸਾਡੇ ਲੋਕਾਂ ਦੀ ਸੋਚ ਵੀ ਨਿੱਜ ਤਕ ਹੀ ਸੀਮਤ ਹੋ ਗਈ ਹੈ। ਸਾਡੇ ਸਮਾਜ ਵਿੱਚ ਕੀ ਕੁਝ ਹੋ ਰਿਹਾ ਹੈ, ਸਰਕਾਰਾਂ ਜਾਂ ਸਾਡੀ ਅਫਸਰਸ਼ਾਹੀ ਨੂੰ ਇਸ ਨਾਲ ਕੋਈ ਮਤਲਬ ਨਹੀਂ। ਬਹੁਤੇ ਲੋਕ ਆਪਣੇ ਕੰਮਾਂ ਜਾਂ ਘਰ ਤਕ ਸੀਮਤ ਹੋ ਕੇ ਰਹਿ ਗਏ ਹਨ। ਸਰਕਾਰਾਂ, ਅਫਸਰਸ਼ਾਹੀ ਜੋ ਮਰਜੀ ਕਰੀ ਜਾਣ, ਲੋਕ ਚੁੱਪ-ਚੁੱਪੀਤੇ ਬਿਨਾ ਕਿਸੇ ਵਿਰੋਧ ਦੇ ਸਭ ਕੁਝ ਬਰਦਾਸ਼ਤ ਕਰਦੇ ਆ ਰਹੇ ਹਨ।

ਕਾਂਗਰਸ, ਅਕਾਲੀ-ਭਾਜਪਾ ਆਦਿ ਰਵਾਇਤੀ ਪਾਰਟੀਆਂ ਬਾਰੇ ਤਾਂ ਕੁਝ ਦੱਸਣ ਦੀ ਲੋੜ ਨਹੀਂ, ਸਭ ਕੁਝ ਪਿਛਲੇ ਸਮੇਂ ਵਿੱਚ ਜੱਗ ਜਾਹਰ ਹੋ ਚੁੱਕਾ ਹੈ। ਮੈਂ ਵੀ ਅੱਖਾਂ ਬੰਦ ਕਰਕੇ ਆਮ ਆਦਮੀ ਪਾਰਟੀ ਦੀ ਪ੍ਰਸ਼ੰਸਾ ਕਰਨ ਵਾਲਾ ਨਹੀਂ, ਪਰ ਜੇ ਇਸ ਸਰਕਾਰ ਨੇ ਭ੍ਰਿਸ਼ਟਾਚਾਰ ਵਿੱਚ ਲਿਪਤ ਲੀਡਰਾਂ ਨੂੰ ਨੱਥ ਪਾਉਣ ਲਈ ਉਨ੍ਹਾਂ ਵਿਰੁੱਧ ਕਾਰਵਾਈ ਸ਼ੁਰੂ ਕੀਤੀ ਤਾਂ ਬਹੁਤੇ ਲੋਕਾਂ ਨੇ ਵੱਡੇ ਪੱਧਰ ਉੱਤੇ ਪ੍ਰਸ਼ੰਸਾ ਕਰਨ ਦੀ ਥਾਂ ਚੁੱਪ ਵੱਟੀ ਰੱਖੀ। ਸਰਕਾਰ ਜਦੋਂ ਲੀਡਰਾਂ ਦੇ ਨਾਲ ਉਚ ਅਫਸਰਾਂ ਆਈ.ਏ.ਐਸ. ਅਤੇ ਪੀ.ਸੀ.ਐਸ. ਅਫਸਰਾਂ ਵੱਲ ਵਧੀ ਤਾਂ ਸਭ ਨੂੰ ਪਤਾ ਹੈ ਕਿ ਆਈ.ਏ.ਐਸ. ਅਧਿਕਾਰੀਆਂ ਦੀ ਜਥੇਬੰਦੀ ਨੇ ਝੱਟ ਹੜਤਾਲ ਕਰਨ ਦੀ ਧਮਕੀ ਦੇ ਕੇ ਸਾਰਾ ਸਰਕਾਰੀ ਕੰਮ ਠੱਪ ਕਰਨਾ ਚਾਹਿਆ। ਨਤੀਜਨ ਸਰਕਾਰ ਨੂੰ ਝੁਕਣਾ ਪਿਆ।

ਜਿਸ ਤਰ੍ਹਾਂ ਦਾ ਸਮਾਜ ਦਾ ਰਵਈਆ ਹੈ, ਸਾਡੇ ਕਣ ਕਣ ਵਿੱਚ ਰਿਸ਼ਵਤਖੋਰੀ, ਲੁੱਟ, ਮਾਰ ਧਾੜ੍ਹ ਘਰ ਕਰ ਚੁੱਕੀ ਹੈ। ਇਹ ਸਮਾਂ ਸਮਾਜ ਦੇ ਚੁੱਪ ਕਰਕੇ ਬੈਠਣ ਦਾ ਨਹੀਂ, ਜੇ ਉਸ ਨੇ ਆਪਣਾ ਆਪ ਨਰੋਆ ਸਿਰਜਣਾ ਹੈ। ਨਸ਼ਿਆਂ ਨੂੰ ਖਤਮ ਕਰਨ ਦਾ ਜਿਹੜਾ ਸ਼ੁਭ ਸ਼ਗਨ ਪਿੰਡਾਂ ਦੇ ਲੋਕਾਂ ਤੇ ਉਨ੍ਹਾਂ ਵਲੋਂ ਬਣਾਈਆਂ ਨਸ਼ਾ ਵਿਰੋਧੀ ਜਥੇਬੰਦੀਆਂ ਨੇ ਅਰੰਭ ਕੀਤਾ ਹੈ, ਉਸ ਵਿੱਚੋਂ ਲੋਕਾਂ ਨੂੰ ਕੁਝ ਆਸ ਦੀ ਕਿਰਨ ਨਜ਼ਰ ਆ ਰਹੀ ਹੈ। ਉਨ੍ਹਾਂ ਨੇ ਨਸ਼ਿਆਂ ਨੂੰ ਸਮਾਪਤ ਕਰਨ ਲਈ ਆਪਣੀ ਏਕਤਾ ਬਣਾ ਕੇ ਅੱਗੇ ਵੱਧਣਾ ਸ਼ੁਰੂ ਕੀਤਾ ਹੋਇਆ ਹੈ, ਪਰ ਖਦਸ਼ਾ ਹੈ ਕਿ ਨਸ਼ਿਆਂ ਦੇ ਵਪਾਰੀ ਉਨ੍ਹਾਂ ਵਿੱਚ ਵੀ ਆਪਣੇ ਬੰਦੇ ਵਾੜ ਕੇ ਇਸ ਲਹਿਰ ਨੂੰ ਵੀ ਖਦੇੜਨ ਦਾ ਹਰ ਸੰਭਵ ਯਤਨ ਕਰਨਗੇ। ਨਸ਼ਾ ਵਿਰੋਧੀ ਜਥੇਬੰਦੀ ਦੇ ਆਗੂਆਂ ਨੂੰ ਬੜਾ ਚੁਕੰਨਿਆਂ ਰਹਿਣਾ ਪੈਣਾ ਹੈ। ਇਹ ਸਮੇਂ ਨੇ ਦੱਸਣਾ ਹੈ ਕਿ ਸਮਾਜ ਵਿਰੋਧੀ ਭ੍ਰਿਸ਼ਟ ਲੋਕ ਕਾਮਯਾਬ ਹੁੰਦੇ ਹਨ ਜਾਂ ਸੱਚ ਦੀ ਲਹਿਰ ਨੂੰ ਲੈ ਕੇ ਚੱਲੇ ਲੋਕ! ਜੇ ਕਿਸਾਨ ਜਥੇਬੰਦੀਆਂ ਮੋਦੀ ਵਰਗੇ ਹੈਂਕੜਬਾਜ ਪ੍ਰਧਾਨ ਮੰਤਰੀ, ਜਿਸ ਬਾਰੇ ਇਹ ਕਿਹਾ ਜਾਂਦਾ ਸੀ ਕਿ ਉਸ ਦੇ ਮੂੰਹ ਵਿੱਚੋਂ ਨਿਕਲੀ ਗੱਲ ਵਾਪਿਸ ਨਹੀਂ ਹੁੰਦੀ, ਕੋਲੋਂ ਤਿੰਨੇ ਕਿਸਾਨ ਵਿਰੋਧੀ ਕਾਲੇ ਕਾਨੂੰਨ ਵਾਪਿਸ ਕਰਾ ਕੇ ਪੰਜਾਬ ਦੇ ਸੌ ਸਾਲਾ ਇਤਿਹਾਸ ਨੂੰ ਮੁੜ ਦੁਹਰਾ ਕੇ ਇਹ ਦੱਸ ਦਿੱਤਾ ਹੈ ਕਿ ਸੱਚ ਨੂੰ ਸਫਲ ਹੋਣ ਵਿੱਚ ਦੇਰ ਜ਼ਰੂਰ ਲੱਗਦੀ ਹੈ, ਪਰ ਇਹ ਨਹੀਂ ਕਿ ਉਹ ਸਫ਼ਲ ਨਾ ਹੋਵੇ!

ਬੀਤੇ ਦਿਨ ਸ਼੍ਰੋਮਣੀ ਅਕਾਲੀ ਦਲ ਦੀ ਲੋਕ ਸਭਾ ਮੈਂਬਰ ਬੀਬੀ ਹਰਸਿਮਰਤ ਕੌਰ ਬਾਦਲ ਨੇ ਲੋਕ ਸਭਾ ਵਿੱਚ ਜਿਹੜਾ ਭਾਸ਼ਣ ਦਿੱਤਾ ਹੈ, ਸੁਣ ਕੇ ਪੰਜਾਬ ਦੇ ਲੋਕਾਂ ਨੂੰ ਹਾਸਾ ਆ ਰਿਹਾ ਹੈ ਕਿ ਕੀ ਇਹ ਉਸੇ ਬੀਬੀ ਹਰਸਿਮਰਤ ਕੌਰ ਦਾ ਭਾਸ਼ਣ ਹੈ, ਜਿਨ੍ਹਾਂ ਨੇ ਲਗਪਗ ਦੋ-ਤਿੰਨ ਦਹਾਕੇ ਭਾਜਪਾ ਨਾਲ ਰਲ ਕੇ ਪੰਜਾਬ ਵਿੱਚ ਰਾਜ ਭਾਗ ਚਲਾਇਆ ਅਤੇ ਕਈ ਸਾਲ ਕੇਂਦਰ ਦੀ ਭਾਜਪਾ ਸਰਕਾਰ ਵਿੱਚ ਕੈਬਨਿਟ ਮੰਤਰੀ ਵੀ ਰਹੇ ਸਨ! ਉਸ ਵੇਲੇ ਇਨ੍ਹਾਂ ਨੇ ਇਹੋ ਜਿਹਾ ਭਾਸ਼ਣ ਲੋਕ ਸਭਾ ਵਿੱਚ ਕਦੇ ਨਹੀਂ ਸੀ ਦਿੱਤਾ। ਹੁਣ ਜਦੋਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਨ ਚੋਣਾਂ ਵਿੱਚ ਬੁਰੀ ਤਰ੍ਹਾਂ ਦੁਰਕਾਰ ਦਿੱਤਾ, ਇਨ੍ਹਾਂ ਤੋਂ ਗੱਦੀ ਖੋਹ ਲਈ ਤਾਂ ਇਨ੍ਹਾਂ ਨੂੰ ਬੰਦੀ ਸਿੰਘਾਂ ਦੀ ਰਿਹਾਈ, ਪੰਜਾਬ ਦੀ ਰਾਜਧਾਨੀ ਚੰਡੀਗੜ੍ਹ, ਪੰਜਾਬੀ ਬੋਲਦੇ ਇਲਾਕੇ, ਡੈਮ, ਪਾਣੀ ਆਦਿ ਸਾਰੇ ਪੰਜਾਬ ਦੇ ਮਸਲੇ ਯਾਦ ਆ ਗਏ ਹਨ। ਇਨ੍ਹਾਂ ਬਾਰੇ ਪੰਜਾਬੀ ਭਲੀਭਾਂਤ ਜਣਦੇ ਹਨ ਕਿ ਜਦੋਂ ਇਨ੍ਹਾਂ ਨੂੰ ਗੱਦੀ ਮਿਲ ਜਾਂਦੀ ਰਹੀ ਹੈ, ਉਸ ਵੇਲੇ ਪੰਜਾਬ ਦੇ ਮਸਲੇ ਸਭ ਵਿਸਰ ਜਾਂਦੇ ਰਹੇ ਹਨ। ਹੁਣ ਜਦੋਂ ਪੰਜਾਬ ਦੇ ਲੋਕਾਂ ਨੇ ਇਨ੍ਹਾਂ ਦੀਆਂ ਪੰਜਾਬ ਵਿਰੋਧੀ ਨੀਤੀਆਂ ਕਾਰਨ ਅਕਾਲੀ ਦਲ (ਬਾਦਲ) ਨੂੰ ਬੁਰੀ ਤਰ੍ਹਾਂ ਹਰਾ ਦਿੱਤਾ ਹੈ, ਇਨ੍ਹਾਂ ਨੂੰ ਫਿਰ ਪੰਜਾਬ ਹਿਤੈਸ਼ੀ ਭਾਸ਼ਣ ਕਰਕੇ ਆਪਣੀ ਖੁੱਸੀ ਗੱਦੀ ਨੂੰ ਮੁੜ੍ਹ ਹਾਸਲ ਕਰਨ ਲਈ ਮਗਰਮੱਛ ਦੇ ਹੰਝੂ ਸੁੱਟਣੇ ਪੈ ਰਹੇ ਹਨ। ਹਾਲੇ ਵੀ ਅੰਦਰੋਂ ਉਸੇ ਭਾਜਪਾ, ਜਿਸ ਨੇ ਪੰਜਾਬ ਦਾ ਰੱਜ ਕੇ ਨੁਕਸਾਨ ਕੀਤਾ ਹੈ, ਨਾਲ ਫਿਰ 2024 ਵਿੱਚ ਹੋਣ ਜਾ ਰਹੀਆਂ ਲੋਕ ਸਭਾ ਚੋਣਾਂ ਵਿੱਚ ਸਮਝੌਤਾ ਕਰਨ ਲਈ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਤੇ ਉਸ ਦੀ ਸਾਰੀ ਜੁੰਡਲੀ, ਨਵੇਂ ਬਣੇ ਸੰਯੁਕਤ ਅਕਾਲੀ ਦਲ ਦੇ ਸੁਖਦੇਵ ਸਿੰਘ ਢੀਂਡਸਾ ਸਮੇਤ ਹੋਰ ਕਈ ਅਕਾਲੀ ਆਗੂ ਵੀ ਭਾਜਪਾ ਅੱਗੇ ਨੱਕ ਰਗੜ ਰਹੇ ਹਨ ਕਿ ਭਾਜਪਾ ਉਨ੍ਹਾਂ ਨਾਲ ਸਮਝੌਤਾ ਕਰ ਲਵੇ।

ਜਿਹੜੀ ਲਹਿਰ ਮਾਨਸਾ ਦੇ ਬਹਾਦਰ ਤੇ ਸੂਝਵਾਨ ਲੋਕਾਂ ਨੇ ਸਿਰੜ੍ਹ ਧਾਰ ਕੇ ਨਸ਼ਿਆਂ ਨੂੰ ਖਤਮ ਕਰਨ ਦੀ ਚਲਾਈ ਹੈ, ਉਸ ਨੂੰ ਵੱਡਾ ਬੱਲ ਮਿਲ ਰਿਹਾ ਹੈ। ਇਸ ਲਹਿਰ ਨੂੰ ਪਿੰਡਾਂ ਦੇ ਨਾਲ ਨਾਲ ਸ਼ਹਿਰਾਂ ਵਿੱਚ ਵੀ ਲਿਆਉਣ ਲਈ ਨਸ਼ਾ ਵਿਰੋਧੀ ਕਮੇਟੀਆਂ ਬਣਾਉਣ ਦੀ ਵੱਡੀ ਜ਼ਰੂਰਤ ਹੈ, ਤਾਂ ਹੀ ਉਹ ਇੰਨੀ ਵੱਡੀ ਮੰਜ਼ਿਲ ਨੂੰ ਸਰ ਕਰਨ ਦੇ ਸਮਰੱਥ ਹੋ ਸਕਦੇ ਹਨ। ਪੰਜਾਬੀ ਦੀ ਇਕ ਅਖਾਉਤ ਹੈ, "ਪਾਪ ਦਾ ਬੇੜਾ ਭਰ ਕੇ ਡੁੱਬਦਾ ਹੈ।" ਸਮਾਜ ਦੀ ਹਾਲਤ ਉਹੋ ਜਿਹੀ ਨਾਜ਼ੁਕ ਬਣੀ ਹੋਈ ਹੈ। ਸਰਕਾਰਾਂ ਸਭ ਕੁਝ ਕਰਨ ਦੇ ਸਮਰੱਥ ਹੁੰਦੀਆਂ ਹੋਣ ਦੇ ਬਾਵਜੂਦ ਕਿਸੇ ਨੇ ਸਿਵਾ ਲਿੰਬਾ ਪੋਚੀ ਕਰਨ ਦੇ ਅੱਗੋਂ ਕੁਝ ਨਹੀਂ ਕੀਤਾ। ਜਿਹੜੀ ਨਸ਼ਿਆਂ ਨੂੰ ਸਮਾਪਤ ਕਰਨ ਦੀ ਲਹਿਰ ਮਾਨਸਾ ਦੀ ਉਸ ਧਰਤੀ ਤੋਂ ਸ਼ੁਰੂ ਹੋਈ ਹੈ, ਜਿਸ ਧਰਤੀ ਦਾ ਸ਼ਾਨਦਾਰ ਇਤਿਹਾਸ ਰਿਹਾ ਹੈ। ਇਸ ਧਰਤੀ ਨੇ ਬੜੇ ਗਦਰੀ ਬਾਬੇ ਪੈਦਾ ਕੀਤੇ ਹਨ, ਜਿਨ੍ਹਾਂ ਨੇ ਅੰਗਰੇਜ਼ਾਂ ਨੂੰ ਨੱਕੀਂ ਚਨੇ ਚਬਾ ਕੇ ਭਾਰਤ ਵਿੱਚੋਂ ਕਢਿਆ ਸੀ। ਇਥੋਂ ਨਸ਼ਿਆਂ ਵਿਰੁੱਧ ਉੱਠੀ ਲਹਿਰ ਹੋਰ ਵਿਸ਼ਾਲ ਤੇ ਵਿਸ਼ਾਲ ਹੁੰਦੀ ਜਾਵੇਗੀ, ਜਿਸ ਵਿੱਚ ਨਸ਼ਿਆਂ ਦੇ ਵਪਾਰੀਆਂ ਦੇ ਪਾਪਾਂ ਦਾ ਬੇੜਾ ਜਰੂਰ ਡੁੱਬੇਗਾ।










# ਚੰਦਰਯਾਨ-3: ਵਿਗਿਆਨ ਦੀ ਚਾਨਣੀ



**ਦਿਨੇਸ਼ ਸੀ. ਸ਼ਰਮਾ**
ਵਿਗਿਆਨਕ ਵਿਸ਼ਲੇਸ਼ਕ

ਭਾਰਤੀ ਪੁਲਾੜ ਖੋਜ ਸੰਸਥਾ (Indian Space Research Organization- ISRO) ਨੇ ਆਪਣੇ ਹੁਣ ਤੱਕ ਦੇ ਸਭ ਤੋਂ ਗੁੰਝਲਦਾਰ ਮਿਸ਼ਨ ਨੂੰ ਮੁਕੰਮਲ ਕੀਤਾ ਹੈ। ਚੰਦਰਯਾਨ-3 ਨੂੰ ਚੰਦ ਦੀ ਸਤ੍ਹਾ ਉੱਤੇ ਸਫ਼ਲਤਾਪੂਰਬਕ ਉਤਰ ਗਿਆ ਹੈ। ਇਸ ਦਾ ਲੈਂਡਰ (ਉਤਰਨ ਵਾਲਾ ਵਾਹਨ) ਆਪਣੇ ਅੰਦਰ ਰੋਵਰ (ਸਤ੍ਵਾ ਉੱਤੇ ਘੁੰਮਣ-ਫਿਰਨ ਵਾਲਾ ਵਾਹਨ) ਨੂੰ ਲੈ ਕੇ ਮਿੱਥੇ ਮੁਤਾਬਿਕ ਚੰਦ ਉੱਤੇ ਉਤਰ ਗਿਆ। ਇਹ ਨਾ ਸਿਰਫ਼ ਵਿਗਿਆਨਕ ਅਤੇ ਤਕਨਾਲੋਜੀ ਦੇ ਪੱਖ ਤੋਂ ਇੱਕ ਮੀਲ-ਪੱਥਰ ਹੈ, ਸਗੋਂ ਇਸ ਨਾਲ ਭਾਰਤ ਉਨ੍ਹਾਂ ਗਿਣੇ-ਚੁਣੇ ਮੁਲਕਾਂ ਵਿੱਚ ਵੀ ਸ਼ੁਮਾਰ ਹੋ ਗਿਆ ਹੈ, ਜਿਹੜੇ ਚੰਦ ਉੱਤੇ ਸੌਫਟ ਲੈਂਡਿੰਗ ਕਰਾਉਣ ਦਾ ਮਾਅਰਕਾ ਮਾਰ ਸਕੇ ਹਨ। ਅੱਧੀ ਸਦੀ ਪਹਿਲਾਂ ਪੁਲਾੜ ਦੌਰ ਦੀ ਹੋਈ ਸ਼ੁਰੂਆਤ ਤੋਂ ਬਾਅਦ ਹੁਣ ਤੱਕ ਸਿਰਫ਼ ਤਿੰਨ ਮੁਲਕ- ਅਮਰੀਕਾ, ਸੋਵੀਅਤ ਸੰਘ/ਰੂਸ ਅਤੇ ਚੀਨ ਹੀ ਚੰਦ ਉੱਤੇ ਸੌਫਟ ਲੈਂਡਿੰਗ ਵਿੱਚ ਸਫ਼ਲ ਰਹੇ ਸਨ।

ਚੰਦਰਯਾਨ-3 ਭਾਰਤ ਵੱਲੋਂ ਪੁਲਾੜ ਵਿੱਚ ਦੂਰ ਤੱਕ ਭੇਜਿਆ ਗਿਆ ਚੌਥਾ ਮਿਸ਼ਨ ਹੈ (ਕੁੱਲ ਮਿਲਾ ਕੇ ਤਿੰਨ ਚੰਦ ਤੇ ਇੱਕ ਮੰਗਲ ਮਿਸ਼ਨ) ਅਤੇ ਚੰਦ ਦੀ ਸਤ੍ਹਾ ਉੱਤੇ ਉਤਰਨ ਲਈ ਸੌਫਟ ਲੈਂਡਿੰਗ ਵਾਸਤੇ ਤਿਆਰ ਕੀਤਾ ਗਿਆ ਇਹ ਦੂਜਾ ਮਿਸ਼ਨ ਹੈ। ਭਾਰਤੀ ਪੁਲਾੜ ਵਿਗਿਆਨੀਆਂ ਨੇ ਪੁਲਾੜ ਵਿੱਚ ਦੂਰੇਡੇ ਮਿਸ਼ਨਾਂ ਬਾਰੇ ਸੋਚਣਾ ਤਕਰੀਬਨ ਸਾਲ 2000 ਵਿੱਚ ਸ਼ੁਰੂ ਕੀਤਾ ਸੀ, ਜਿਹੜਾ ਕਈ ਸੰਚਾਰ, ਰਿਮੋਟ ਸੈਂਸਿੰਗ ਅਤੇ ਧਰਤੀ ਦੀ ਨਿਗਰਾਨੀ ਕਰਨ ਵਾਲੇ ਉਪਗ੍ਰਹਿ ਲਾਂਚ ਕਰਨ ਤੋਂ ਬਾਅਦ ਚੁੱਕਿਆ ਜਾਣ ਵਾਲਾ ਇੱਕ ਵਾਜਬ ਕਦਮ ਸੀ। ਤਿੰਨ ਚੰਦ ਮਿਸ਼ਨਾਂ ਦੇ ਸਪਸ਼ਟ ਵਿਗਿਆਨਕ ਤੇ ਤਕਨਾਲੋਜੀਕਲ ਟੀਚੇ ਸਨ। ਸਮੁੱਚੇ ਤੌਰ 'ਤੇ ਮੁੱਖ ਮਕਸਦ ਪੁਲਾੜ ਵਿੱਚ ਦੂਰ ਤੱਕ ਜਾਣ ਵਾਲੇ ਮਿਸ਼ਨਾਂ ਨੂੰ ਤਿਆਰ ਕਰਨ, ਬਣਾਉਣ, ਲਾਂਚ ਕਰਨ ਤੇ ਚਲਾਉਣ ਸਬੰਧੀ ਮੁਕੰਮਲ ਤਕਨਾਲੋਜੀਕਲ ਸਮਰੱਥਾ ਵਿਕਸਿਤ ਅਤੇ ਇਸ ਦਾ ਮੁਜ਼ਾਹਰਾ ਕਰਨਾ ਸੀ।

ਚੰਦਰਯਾਨ-1 ਨੂੰ ਅਕਤੂਬਰ 2008 ਵਿੱਚ ਲਾਂਚ ਕੀਤਾ ਗਿਆ ਸੀ, ਜਿਸ ਵਿੱਚ ਇੱਕ ਔਰਬਿਟਰ (ਦੁਆਲੇ ਘੁੰਮਣ ਵਾਲਾ) ਅਤੇ ਇੱਕ ਮੂਨ ਇੰਪੈਕਟ ਪਰੋਬ (ਐਮ.ਆਈ.ਪੀ.) ਸ਼ਾਮਿਲ ਸੀ, ਜਿਸ ਨੂੰ ਚੰਦ ਦੀ ਸਤ੍ਹਾ ਉੱਤੇ ਡਿੱਗਣ ਲਈ (ਨਾ ਕਿ ਸੌਫਟ ਲੈਂਡਿੰਗ ਭਾਵ ਨਰਮਾਈ ਨਾਲ ਉਤਰਨ ਲਈ) ਤਿਆਰ ਕੀਤਾ ਗਿਆ ਸੀ। ਔਰਬਿਟਰ ਨੂੰ ਸਫ਼ਲਤਾ ਨਾਲ ਚੰਦ ਦੁਆਲੇ ਘੁੰਮਣ ਦੇ ਰਾਹ ਪਾ ਦਿੱਤਾ ਗਿਆ ਸੀ ਤਾਂ ਕਿ ਇਹ ਇਸ ਵਿੱਚ ਲੱਗੇ ਵਿਗਿਆਨਕ ਸੰਦਾਂ ਦੀ ਮਦਦ ਨਾਲ ਚੰਦ ਦੀ ਸਤ੍ਹਾ ਤੋਂ ਰਸਾਇਣਕ, ਖਣਿਜ ਵਿਗਿਆਨ ਸਬੰਧੀ ਅਤੇ ਫੋਟੋ-ਭੂਵਿਗਿਆਨ ਸਬੰਧੀ ਡੇਟਾ ਇਕੱਤਰ ਕਰ ਸਕੇ। ਐਮ.ਆਈ.ਪੀ. ਚੰਦ ਦੇ ਦੱਖਣੀ ਧੁਰੇ ਨੇੜੇ ਸ਼ੈਕਲਟਨ ਕਰੇਟਰ ਉੱਤੇ ਡਿੱਗ ਗਿਆ ਸੀ।

ਚੰਦਰਯਾਨ-2 ਨੂੰ ਅਗਸਤ 2019 ਵਿੱਚ ਲਾਂਚ ਕੀਤਾ ਗਿਆ, ਜਿਹੜਾ ਪਹਿਲੇ ਮਿਸ਼ਨ ਨਾਲੋਂ ਜ਼ਿਆਦਾ ਉੱਨਤ ਮਿਸ਼ਨ ਸੀ, ਕਿਉਂਕਿ ਇਸ ਵਿੱਚ ਔਰਬਿਟਰ ਤੋਂ ਇਲਾਵਾ ਇੱਕ ਲੈਂਡਰ ਤੇ ਰੋਵਰ ਵੀ ਸ਼ਾਮਲ ਸਨ। ਚੰਦਰਯਾਨ-1 ਦੇ ਐਮ.ਆਈ.ਪੀ. ਵਾਂਗ ਡੇਗਣ ਦੇ ਉਲਟ ਲੈਂਡਰ ਤੇ ਰੋਵਰ ਨੂੰ ਸੌਫਟ ਲੈਂਡਿੰਗ ਰਾਹੀਂ ਚੰਦ ਦੀ ਸਤ੍ਹਾ ਉੱਤੇ ਸਥਾਪਤ ਕੀਤਾ ਜਾਣਾ ਸੀ। ਇਸ ਮਿਸ਼ਨ ਦੌਰਾਨ ਆਰਬਿਟਰ ਨੂੰ ਸਫ਼ਲਤਾ ਨਾਲ ਚੰਦ ਦੇ ਗ੍ਰਹਿ ਪੰਧ ਉੱਤੇ ਪਾ ਦਿੱਤਾ ਗਿਆ ਅਤੇ ਇਸ ਵਿਚੋਂ ਲੈਂਡਰ ਮਾਡਿਊਲ ਵੀ ਵੱਖ ਹੋ ਗਿਆ ਸੀ, ਪਰ ਚੰਦ ਦੀ ਸਤ੍ਹਾ ਉੱਤੇ ਉਸ ਦੀ ਸੌਫਟ ਲੈਂਡਿੰਗ ਵਿੱਚ ਸਫ਼ਲਤਾ ਨਹੀਂ ਮਿਲ ਸਕੀ। ਮੌਜੂਦਾ ਮਿਸ਼ਨ ਚੰਦਰਯਾਨ-3 ਵਿੱਚ ਔਰਬਿਟਰ ਵਾਲਾ ਹਿੱਸਾ ਨਹੀਂ ਸੀ। ਇਸ ਦਾ ਮੁੱਢਲਾ ਮਕਸਦ ਚੰਦ ਉੱਤੇ ਲੈਂਡਰ ਤੇ ਰੋਵਰ ਨੂੰ ਉਤਾਰਨਾ ਸੀ ਤਾਂ ਕਿ ਉੱਥੇ ਵਿਗਿਆਨਕ ਤਜਰਬੇ ਕੀਤੇ ਜਾ ਸਕਣ। ਭਵਿੱਖੀ ਮਿਸ਼ਨ ਇਸ ਤਰ੍ਹਾਂ ਡਿਜ਼ਾਈਨ ਕਰਨੇ ਹੋਣਗੇ ਕਿ ਉਨ੍ਹਾਂ ਨੂੰ ਨਾ ਸਿਰਫ਼ ਚੰਦ ਉੱਤੇ ਉਤਾਰਿਆ ਜਾ ਸਕੇ ਸਗੋਂ ਚੰਦ ਦੇ ਮਿੱਟੀ ਤੇ ਪੱਥਰਾਂ ਦੇ ਨਮੂਨੇ ਵੀ ਵਾਪਸ ਧਰਤੀ ਉੱਤੇ ਲਿਆਂਦੇ ਜਾ ਸਕਣ।

ਇਨ੍ਹਾਂ ਮਿਸ਼ਨਾਂ ਨੇ ਹੁਣ ਤੱਕ ਅਹਿਮ ਵਿਗਿਆਨਕ ਨਤੀਜੇ ਦਿੱਤੇ ਹਨ। ਚੰਦਰਯਾਨ-1 ਵੱਲੋਂ ਛੱਡੇ ਗਏ ਐਮ.ਆਈ.ਪੀ. ਨੇ ਚੰਦ ਦੀ ਸਤ੍ਹਾ ਉੱਤੇ ਡਿੱਗਦੇ ਸਮੇਂ ਕੀਮਤੀ ਡੇਟਾ ਇਕੱਤਰ ਕੀਤਾ ਤੇ ਸਤ੍ਹਾ ਨਾਲ ਟਕਰਾਉਣ ਪਿੱਛੋਂ ਇਸ ਤੋਂ ਜੋ ਗ਼ੁਬਾਰ ਪੈਦਾ ਹੋਇਆ, ਉਸ ਤੋਂ ਚੰਦ ਦੇ ਵਾਤਾਵਰਨ ਵਿੱਚ ਪਾਣੀ ਦੀ ਮੌਜੂਦਗੀ ਦਾ ਸੰਕੇਤ ਮਿਲਿਆ। ਇਸੇ ਤਰ੍ਹਾਂ ਔਰਬਿਟਰ ਵਿਚਲੇ ਯੰਤਰਾਂ, ਜਿਵੇਂ ਮੂਨ ਮਿਨਰਾਲੋਜੀਕਲ ਮੈਪਰ ਵੱਲੋਂ ਇਕੱਤਰ ਕੀਤੇ ਗਏ ਡੇਟਾ ਪਿੱਛੋਂ ਕੀਤੇ ਗਏ ਮੁਲੰਕਣ ਤੋਂ ਪਾਣੀ ਵਾਲੇ ਸੂਖ਼ਮ ਕਣਾਂ ਦੀ ਹੋਂਦ ਦੀ ਪੁਸ਼ਟੀ ਹੋਈ। ਚੰਦਰਯਾਨ-2 ਦੇ ਔਰਬਿਟਰ ਵਿੱਚ ਇੱਕ ਬਹੁਤ ਹੀ ਵੱਡੇ ਰੈਜ਼ੋਲਿਊਸ਼ਨ (0.3 ਮੀਟਰ) ਦਾ ਕੈਮਰਾ ਲੱਗਾ ਹੋਇਆ ਸੀ, ਜਿਸ ਨੇ ਅਜਿਹੇ ਵੇਰਵੇ ਮੁਹੱਈਆ ਕਰਵਾਏ, ਜੋ ਆਲਮੀ ਵਿਗਿਆਨਕ ਭਾਈਚਾਰੇ ਲਈ ਬੇਸ਼ਕੀਮਤੀ ਸਾਬਿਤ ਹੋਏ। ਔਰਬਿਟਰ ਆਪਣੀ ਇੱਕ ਸਾਲ ਦੀ ਮਿਥੀ ਉਮਰ ਤੋਂ ਕਿਤੇ ਲੰਬਾ ਸਮਾਂ ਚੰਦ ਦੁਆਲੇ ਘੁੰਮਦਾ ਰਿਹਾ। ਮੌਜੂਦਾ ਮਿਸ਼ਨ ਦੇ ਲੈਂਡਰ ਤੇ ਰੋਵਰ 'ਚ ਲੱਗੇ ਹੋਏ ਵਿਗਿਆਨਕ ਯੰਤਰਾਂ ਵੱਲੋਂ ਵੀ ਚੰਦ ਦੀ ਮਿੱਟੀ ਤੇ ਪੱਥਰਾਂ-ਚੱਟਾਨਾਂ ਦੀ ਰਸਾਇਣਕ ਤੇ ਮੌਲਿਕ ਬਣਤਰ ਬਾਰੇ ਨਵੇਂ ਵੇਰਵੇ ਮੁਹੱਈਆ ਕਰਵਾਏ ਜਾਣ ਦੀ ਉਮੀਦ ਹੈ।

ਇਸਰੋ ਲਈ ਚੰਦ ਦੀਆਂ ਫੇਰੀਆਂ ਬਿਖੜੀਆਂ ਹੀ ਰਹੀਆਂ ਹਨ। ਚੰਦਰਯਾਨ-1 ਆਪਣੇ ਮਿਸ਼ਨ ਦੀ ਮਿਥੀ ਮਿਆਦ ਦੋ ਸਾਲਾਂ ਤੱਕ ਨਹੀਂ ਚੱਲ ਸਕਿਆ। ਇਸ ਨੂੰ ਨਵੰਬਰ 2008 ਤੋਂ ਆਪਣੇ ਕੁਝ ਸੰਦਾਂ ਦੇ ਗ਼ੈਰਮਾਮੂਲੀ ਢੰਗ ਨਾਲ ਗਰਮ ਹੋਣ ਕਾਰਨ ਤਕਨੀਕੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪਿਆ। ਕੁਝ ਮਹੀਨਿਆਂ ਬਾਅਦ ਇਸ ਦੇ ਚੰਦ ਦੁਆਲੇ ਘੁੰਮਣ ਦੇ ਘੇਰੇ ਨੂੰ 100 ਕਿਲੋਮੀਟਰ ਤੋਂ ਵਧਾ ਕੇ 200 ਕਿਲੋਮੀਟਰ ਦੀ ਉਚਾਈ ਤੱਕ ਕਰਨਾ ਪਿਆ ਤਾਂ ਕਿ ਇਸ ਦਾ ਤਾਪਮਾਨ ਝੱਲਣਯੋਗ ਪੱਧਰ ਤੱਕ ਬਣਿਆ ਰਹੇ। ਫਿਰ ਇਸ ਦਾ ਇੱਕ ਸੈਂਸਰ ਖ਼ਰਾਬ ਹੋ ਗਿਆ, ਜਿਸ ਕਾਰਨ ਆਖ਼ਰ ਇਹ ਉਪਗ੍ਰਹਿ ਨਕਾਰਾ ਹੋ ਕੇ ਰਹਿ ਗਿਆ। ਇਸਰੋ ਦਾ 29 ਅਗਸਤ 2009 ਨੂੰ ਚੰਦਰਯਾਨ-1 ਤੋਂ ਸੰਪਰਕ ਟੁੱਟ ਗਿਆ। ਚੰਦਰਯਾਨ-2 ਅੰਸ਼ਕ ਤੌਰ 'ਤੇ ਕਾਮਯਾਬ ਰਿਹਾ, ਕਿਉਂਕਿ ਇਸ ਦੇ ਔਰਬਿਟਰ ਨੂੰ ਸਫ਼ਲਤਾ ਨਾਲ ਟਰਾਂਸਪੋਰਟ ਕਰ ਕੇ ਚੰਦ ਦੇ ਗ੍ਰਹਿ ਪੰਧ ਉੱਤੇ ਪਾ ਦਿੱਤਾ ਗਿਆ, ਪਰ ਇਸ ਦਾ ਲੈਂਡਰ ਚੰਦ ਦੀ ਸਤ੍ਹਾ ਉੱਤੇ ਮਿੱਥੇ ਮੁਤਾਬਿਕ ਉਤਰਨ ਵਿੱਚ ਨਾਕਾਮ ਰਿਹਾ। ਚੰਦਰਯਾਨ-3 ਨੂੰ ਇਹੋ ਕੰਮ ਸਫ਼ਲਤਾ ਨਾਲ ਕਰਨ ਲਈ ਤਿਆਰ ਕੀਤਾ ਗਿਆ ਸੀ। ਇਸ ਵਿੱਚ ਲੈਂਡਰ ਤੇ ਰੋਵਰ ਨੂੰ ਇੰਜੈਕਸ਼ਨ ਔਰਬਿਟ ਤੋਂ ਚੰਦ ਦੇ 100 ਕਿਲੋਮੀਟਰ ਦੇ ਘੇਰੇ ਤੱਕ ਲਿਜਾਣ ਲਈ ਔਰਬਿਟਰ ਦੀ ਥਾਂ ਇੱਕ ਪ੍ਰੋਪਲਸ਼ਨ ਮਾਡਿਊਲ ਲੱਗਾ ਹੋਇਆ ਸੀ।

ਚੰਦ ਮਿਸ਼ਨਾਂ ਦੀ ਤਕਨਾਲੋਜੀਕਲ ਤੇ ਵਿਗਿਆਨਕ ਮੰਤਵਾਂ ਤੋਂ ਇਲਾਵਾ ਬਹੁਤ ਭਾਰੀ ਭੂ-ਸਿਆਸੀ ਅਹਿਮੀਅਤ ਵੀ ਹੈ। ਪੁਲਾੜ ਨੂੰ ਗਾਹੁਣ ਦੀ ਦੌੜ ਮੁੱਖ ਤੌਰ 'ਤੇ ਸਿਆਸੀ ਖ਼ੁਆਹਿਸ਼ਾਂ ਅਤੇ ਠੰਢੀ ਜੰਗ ਤੋਂ ਪ੍ਰੇਰਿਤ ਸੀ। ਜਦੋਂ ਅਮਰੀਕਾ ਨੇ ਚੰਦ ਉੱਤੇ ਮਨੁੱਖ ਨੂੰ ਭੇਜਣ ਦਾ ਮਿਸ਼ਨ ਪੂਰਾ ਕਰ ਕੇ ਇਸ ਦੌੜ ਦਾ ਪਹਿਲਾ ਪੜਾਅ ਜਿੱਤ ਲਿਆ ਤਾਂ ਸੋਵੀਅਤ ਸੰਘ ਨੇ ਚੰਦ ਦੀ ਘੋਖ ਕਰਨ ਲਈ ਰੋਬੋਟ ਆਧਾਰਿਤ ਮਿਸ਼ਨਾਂ ਦੀ ਸ਼ੁਰੂਆਤ ਕੀਤੀ ਅਤੇ ਸਭ ਤੋਂ ਪਹਿਲੇ ਰੋਵਰ ਤੇ 'ਨਮੂਨੇ ਵਾਪਸ ਲਿਆਉਣ' ਦੇ ਮਿਸ਼ਨ ਪੂਰੇ ਕੀਤੇ। ਕੁਝ ਦਹਾਕੇ ਬਾਅਦ ਚੀਨ ਵੀ ਇਸ ਦੌੜ ਵਿੱਚ ਸ਼ਾਮਿਲ ਹੋ ਗਿਆ ਅਤੇ ਇਸ ਨੇ ਲੈਂਡਰ ਤੇ ਨਮੂਨਿਆਂ ਦੀ ਵਾਪਸੀ ਵਾਲੇ ਮਿਸ਼ਨ ਪੂਰੇ ਕੀਤੇ। ਹੁਣ ਇਸ ਦੀ 2030 ਤੱਕ ਚੰਨ ਉੱਤੇ ਇਨਸਾਨੀ ਮਿਸ਼ਨ ਭੇਜਣ ਦੀ ਯੋਜਨਾ ਹੈ। ਜਨਵਰੀ 2019 ਵਿੱਚ ਚੰਦ ਉੱਤੇ ਉਤਰਿਆ ਇਸ ਦਾ ਯੂਤੂ-2 ਰੋਵਰ ਹਾਲੇ ਵੀ ਕੰਮ ਕਰ ਰਿਹਾ ਹੈ। ਰੂਸ ਦੀ ਵੀ ਚੰਦ ਮਿਸ਼ਨਾਂ ਵਿੱਚ ਦੁਬਾਰਾ ਦਿਲਚਸਪੀ ਜਾਗੀ ਹੈ, ਜਿਵੇਂ ਇਸ ਦੇ ਹਾਲੀਆ ਲੈਂਡਰ-ਰੋਵਰ ਚੰਦ ਮਿਸ਼ਨ ਤੋਂ ਜ਼ਾਹਰ ਹੁੰਦਾ ਹੈ, ਜਿਹੜਾ ਭਾਰਤ ਦੇ ਸਫ਼ਲ ਰਹੇ ਚੰਦਰਯਾਨ-3 ਮਿਸ਼ਨ ਤੋਂ ਕੁਝ ਦਿਨ ਪਹਿਲਾਂ ਨਾਕਾਮ ਹੋ ਗਿਆ ਸੀ।

ਚੰਦਰਯਾਨ-1 ਇਸਰੋ ਲਈ ਇੱਕ ਅਹਿਮ ਮੋੜ ਸੀ। ਅਜਿਹਾ ਮਹਿਜ਼ ਇਸ ਕਾਰਨ ਨਹੀਂ ਕਿ ਇਹ ਪੁਲਾੜ ਵਿੱਚ ਦੂਰ ਤੱਕ ਭੇਜਿਆ ਗਿਆ ਇਸ ਦਾ ਪਹਿਲਾ ਮਿਸ਼ਨ ਸੀ, ਸਗੋਂ ਇਸ ਕਾਰਨ ਵੀ ਕਿ ਇਸ ਨੇ ਜਨਤਾ ਦਾ ਵੱਡੇ ਪੱਧਰ 'ਤੇ ਧਿਆਨ ਖਿੱਚਿਆ। ਮਿਸ਼ਨ ਨੇ ਕਈ ਤਰੀਕਿਆਂ ਨਾਲ ਆਮ ਲੋਕਾਂ ਦੀ ਕਲਪਨਾ ਨੂੰ ਜਗਾਇਆ। ਜਿਵੇਂ ਇਸ ਪਿੱਛੋਂ ਉੱਭਰਦੇ ਵਿਗਿਆਨੀਆਂ ਤੇ ਇੰਜੀਨੀਅਰਾਂ ਦੀਆਂ ਇਸਰੋ 'ਚ ਕੰਮ ਕਰਨ ਲਈ ਅਰਜ਼ੀਆਂ ਦਾ ਹੜ੍ਹ ਆ ਗਿਆ। ਇਸ ਤੋਂ ਅਦਾਰੇ ਨੂੰ ਜਨਤਕ ਸ਼ਮੂਲੀਅਤ ਦੀ ਅਹਿਮੀਅਤ ਦਾ ਪਤਾ ਲੱਗਿਆ। ਉਸ ਪਿੱਛੋਂ ਮੰਗਲ ਔਰਬਿਟਰ ਮਿਸ਼ਨ ਭੇਜਿਆ ਗਿਆ ਤੇ ਉਸ ਨੇ ਵੀ ਲੋਕਾਂ ਦਾ ਧਿਆਨ ਖਿੱਚਿਆ। ਹੁਣ ਚੰਦਰਯਾਨ-3 ਨੂੰ ਭੇਜੇ ਜਾਣ ਮੌਕੇ ਵੀ ਇਸਰੋ ਨੇ ਲੈਂਡਰ ਮਾਡਿਊਲ ਵੱਲੋਂ ਚੰਦ ਦੀ ਸਤ੍ਹਾ ਦੀਆਂ ਖਿੱਚੀਆਂ ਗਈਆਂ ਫੋਟੋਆਂ ਅਤੇ ਹੋਰ ਜਾਣਕਾਰੀਆਂ ਨਾਲ ਜਨਤਾ ਤੱਕ ਪਹੁੰਚ ਕਰਨ ਵਾਸਤੇ ਸੋਸ਼ਲ ਮੀਡੀਆ ਮੰਚਾਂ ਦਾ ਬਹੁਤ ਹੀ ਹਮਲਾਵਰਾਨਾ ਢੰਗ ਨਾਲ ਫ਼ਾਇਦਾ ਉਠਾਇਆ। ਇਹ ਪਹਿਲੀ ਵਾਰ ਹੈ ਕਿ ਅਦਾਰੇ ਨੇ ਮਿਸ਼ਨ ਦਾ 'ਸਰਗਰਮੀ ਨਾਲ ਪ੍ਰਚਾਰ' ਕਰਨ ਲਈ ਤੇ ਨਾਲ ਹੀ ਚੰਦਰਯਾਨ-3 ਦੀ ਸੌਫਟ ਲੈਂਡਿੰਗ ਨੂੰ ਲਾਈਵ ਸਟਰੀਮਿੰਗ ਰਾਹੀਂ ਸਕੂਲਾਂ ਕਾਲਜਾਂ 'ਚ ਸਿੱਧਾ ਦਿਖਾਉਣ ਵਾਸਤੇ ਵਿੱਦਿਅਕ ਅਦਾਰਿਆਂ ਨੂੰ ਸੱਦਾ ਦਿੱਤਾ। ਇਸਰੋ ਵੱਲੋਂ ਵਿੱਦਿਅਕ ਅਦਾਰਿਆਂ ਤੱਕ ਪਹੁੰਚ ਕੀਤੇ ਜਾਣ ਦੀ ਅਜਿਹੀ ਕਾਰਵਾਈ ਦਾ ਜਿੱਥੇ ਸਵਾਗਤ ਹੈ, ਉੱਥੇ ਇਹ ਵੀ ਜ਼ਰੂਰੀ ਹੈ ਕਿ ਅਜਿਹੀ ਕਾਰਵਾਈ ਪ੍ਰਚਾਰ ਤੋਂ ਅਗਾਂਹ ਤੱਕ ਜਾਣੀ ਚਾਹੀਦੀ ਹੈ। ਚੰਦਰਯਾਨ ਵਰਗੇ ਮਿਸ਼ਨਾਂ ਦਾ ਇਸਤੇਮਾਲ ਵਿਗਿਆਨ ਬਾਰੇ ਸਮਝ ਅਤੇ ਵਿਗਿਆਨਕ ਸੋਚ ਨੂੰ ਹੁਲਾਰਾ ਦੇਣ ਵਾਸਤੇ ਕੀਤਾ ਜਾਣਾ ਚਾਹੀਦਾ ਹੈ। ਇਹ ਅਜਿਹੇ ਮੌਕੇ ਹੋਰ ਜ਼ਿਆਦਾ ਜ਼ਰੂਰੀ ਹੋ ਜਾਂਦਾ ਹੈ, ਜਦੋਂ ਨਕਲੀ-ਵਿਗਿਆਨ ਵਧ ਰਿਹਾ ਹੈ ਤੇ ਦੂਜੇ ਪਾਸੇ ਅਸਲੀ ਵਿਗਿਆਨਕ ਵਿਚਾਰਾਂ 'ਤੇ ਹਮਲੇ ਹੋ ਰਹੇ ਹਨ।

*(ਪੰਜਾਬੀ ਟ੍ਰਿਬਿਊਨ ਤੋਂ ਧੰਨਵਾਦ ਸਹਿਤ)*

## ਚੰਦ 'ਤੇ ਪਾਣੀ

1971 ਵਿੱਚ ਅਮਰੀਕਾ ਦੇ ਅਪੋਲੋ ਮਿਸ਼ਨ ਨੇ ਚੰਦ 'ਤੇ ਪਾਣੀ ਹੋਣ ਦੀ ਵਿਗਿਆਨਕ ਤਸਦੀਕ ਕੀਤੀ ਸੀ। 1976 ਵਿੱਚ ਸੋਵੀਅਤ ਯੂਨੀਅਨ ਦਾ ਲੂਨਾ-24 ਖੋਜ-ਯੰਤਰ ਚੰਦ 'ਤੇ ਉਤਰਿਆ ਅਤੇ ਉੱਥੋਂ ਮਿੱਟੀ ਦੇ ਨਮੂਨੇ ਲਿਆਇਆ, ਜਿਨ੍ਹਾਂ ਵਿੱਚ 0.1 ਫ਼ੀਸਦੀ ਪਾਣੀ ਪਾਇਆ ਗਿਆ। 2009 ਵਿੱਚ ਭਾਰਤ ਦੇ ਚੰਦ ਨੂੰ ਭੇਜੇ ਗਏ ਪਹਿਲੇ ਮਿਸ਼ਨ ਦੁਆਰਾ ਕੀਤੇ ਗਏ ਪ੍ਰਯੋਗਾਂ ਨਾਲ ਚੰਦ ਦੀ ਸਤ੍ਹਾ 'ਤੇ ਪਾਣੀ ਹੋਣ ਦੀ ਫਿਰ ਤਸਦੀਕ ਹੋਈ।

2018 ਵਿੱਚ ਅਮਰੀਕਾ ਦੀ ਪੁਲਾੜ ਏਜੰਸੀ ਨਾਸਾ ਦੇ ਕਈ ਪ੍ਰਯੋਗਾਂ ਨੇ ਵੀ ਚੰਦ ਦੀ ਸਤ੍ਹਾ 'ਤੇ ਬਰਫ਼ ਜੰਮੀ ਹੋਣ ਦੀਆਂ ਤਸਵੀਰਾਂ ਜਾਰੀ ਕੀਤੀਆਂ ਸਨ। ਚੰਦਰਯਾਨ ਦੇ ਵਿਕਰਮ ਲੈਂਡਰ 'ਚੋਂ ਨਿਕਲਿਆ ਪ੍ਰਗਿਆਨ ਰੋਵਰ ਚੰਦ ਦੇ ਤਲ 'ਤੇ ਘੁੰਮ ਫਿਰ ਕੇ ਇਸ ਦੀ ਹੋਰ ਪੱਕੀ ਤਸਦੀਕ ਕਰੇਗਾ। ਚੰਦ 'ਤੇ ਪਾਣੀ ਦਾ ਹੋਣਾ ਕਈ ਸੰਭਾਵਨਾਵਾਂ ਨਾਲ ਜੁੜਿਆ ਹੋਇਆ ਹੈ।

## ਚੰਦਰਯਾਨ-3 ਯਾਤਰਾ

**14 ਜੁਲਾਈ: ਚੰਦਰਯਾਨ-3 ਨੇ ਸ੍ਰੀਹਰੀਕੋਟਾ ਤੋਂ ਪੁਲਾੜ ਯਾਤਰਾ ਆਰੰਭੀ**

**14 ਜੁਲਾਈ: ਚੰਦਰਯਾਨ-3 ਨੇ ਧਰਤੀ ਦੁਆਲੇ ਚੱਕਰ ਲਾਉਣੇ ਸ਼ੁਰੂ ਕੀਤੇ**

**31 ਜੁਲਾਈ: ਚੰਦਰਯਾਨ-3 ਨੇ ਧਰਤੀ ਦੇ ਗੁਰੂਤਾ ਖੇਤਰ ਤੋਂ ਨਿਕਲ ਕੇ ਚੰਦਰ ਵੱਲ ਯਾਤਰਾ ਦਾ ਆਰੰਭ ਕੀਤੀ**

**5 ਅਗਸਤ: ਚੰਦ ਦੇ ਗੁਰੂਤਾ ਖੇਤਰ ਵਿੱਚ ਦਾਖਲਾ ਤੇ ਚੰਦ ਦੇ ਆਲੇ ਦੁਆਲੇ ਚੱਕਰ ਸ਼ੁਰੂ**

**17 ਅਗਸਤ: ਲੈਂਡਰ ਮੋਡਿਊਲ ਪ੍ਰੋਪਲਸ਼ਨ ਮੋਡਿਊਲ ਤੋਂ ਵੱਖ ਹੋਇਆ**

**23 ਅਗਸਤ: ਵਿਕਰਮ ਲੈਂਡਰ ਨੇ ਚੰਦ ਵੱਲ ਉਤਰਨਾ ਸ਼ੁਰੂ ਕੀਤਾ ਤੇ ਸ਼ਾਮ ਦੇ 6.04 ਵਜੇ ਵਿਕਰਮ ਲੈਂਡਰ ਚੰਦ 'ਤੇ ਉਤਰਿਆ। ਫਿਰ ਲੈਂਡਰ ਨੇ ਤਸਵੀਰਾਂ ਭੇਜਣੀਆਂ ਸ਼ੁਰੂ ਕੀਤੀਆਂ।**

### ਜ਼ਰੂਰੀ

'ਪੰਜਾਬੀ ਪਰਵਾਜ਼' ਵਿੱਚ ਵੱਖ-ਵੱਖ ਲੇਖਕਾਂ ਦੇ ਲੇਖ ਸਿਰਫ ਵਿਚਾਰਾਂ ਦੇ ਵਟਾਂਦਰੇ ਅਤੇ ਇੱਕ-ਦੂਜੇ ਤੱਕ ਜਾਣਕਾਰੀ ਜਾਂ ਅਨੁਭਵ ਪਹੁੰਚਦੇ ਕਰਨ ਦੇ ਮਕਸਦ ਨਾਲ ਛਾਪੇ ਗਏ ਹਨ। ਲੇਖਾਂ ਵਿਚਲੇ ਵਿਚਾਰਾਂ/ਤੱਥਾਂ ਨਾਲ ਸਹਿਮਤ ਹੋਣਾ ਜਾਂ ਨਾ ਹੋਣਾ ਪਾਠਕਾਂ ਦਾ ਨਿੱਜੀ ਮਸਲਾ ਹੈ। ਲੇਖਾਂ/ਰਚਨਾਵਾਂ ਵਿੱਚ ਹਲਕੀ ਕਿਸਮ ਦੀ ਭਾਸ਼ਾ ਤੋਂ ਗੁਰੇਜ ਕਰਨਾ ਅਤੇ ਲੋਕ-ਪੱਖੀ ਤੇ ਮਿਆਰੀ ਲਿਖਤਾਂ ਨੂੰ ਪਾਠਕਾਂ ਤੱਕ ਪੁੱਜਦਾ ਕਰਨਾ 'ਪੰਜਾਬੀ ਪਰਵਾਜ਼' ਦੀ ਪਹਿਲ ਹੋਵੇਗੀ।

**Punjabi Parwaz LLC**
**DBA Punjabi Parwaz**

**Address:**
827 E. Kings Row, Unit# 7,
Palatine, IL 60074

**Managed by:**
Anureet Kaur
Kuljeet Singh

**ਪੰਜਾਬੀ ਪਰਵਾਜ਼** Punjabi Parwaz **ਬੋਰਡ ਮੈਂਬਰ**

ਬਲਵਿੰਦਰ ਸਿੰਘ (ਬੌਬ) ਸੰਧੂ
ਮਨਜਿੰਦਰ ਸਿੰਘ (ਮੈਕ) ਭਮਰਾ
ਗੁਰਿੰਦਰਜੀਤ ਸਿੰਘ ਗਰੇਵਾਲ
ਜੋਧ ਸਿੰਘ ਸਿੱਧੂ
ਯਾਦਵਿੰਦਰ ਸਿੰਘ (ਰਿੰਪੀ) ਖੱਟੜਾ
ਅਮਰੀਕ ਸਿੰਘ ਸ਼ਿਕਾਗੋ
ਅੰਮ੍ਰਿਤਪਾਲ ਸਿੰਘ ਗਿੱਲ
ਦੀਦਾਰ ਸਿੰਘ ਧਨੋਆ
ਅਮਰਜੀਤ ਸਿੰਘ ਢੀਂਡਸਾ
ਬੇਅੰਤ ਸਿੰਘ ਬੋਪਾਰਾਏ
ਦਰਸ਼ਨ ਸਿੰਘ ਪੰਮਾ
ਬਲਵਿੰਦਰ ਸਿੰਘ ਚੱਠਾ
ਕਿਰਪਾਲ ਸਿੰਘ ਰੰਧਾਵਾ
ਅਜੈਬ ਸਿੰਘ ਲੱਖਣ
ਹਰਕੇਵਲ ਲਾਲੀ
ਬਿਕਰਮ ਸਿੰਘ ਸਿੱਧੂ
ਮਿੰਨੀ ਮੁਲਤਾਨੀ
ਗੁਰਪ੍ਰੀਤ ਕੇ. ਸਿੰਘ
ਅਮਨਦੀਪ ਸਿੰਘ ਕੁਲਾਰ
ਇੰਦਰ ਹੁੰਜਣ
ਪਰਮਿੰਦਰ ਸਿੰਘ (ਯੂਬਾ ਸਿਟੀ)
ਜਗਜੀਤ ਸਿੰਘ ਖੇੜਾ (ਓਕਲਾਹੋਮਾ)
ਜਿਗਰਦੀਪ ਸਿੰਘ ਢਿੱਲੋਂ
ਹਰਮੀਕ ਸਿੰਘ ਗਿਰਨ

**'ਪੰਜਾਬੀ ਪਰਵਾਜ਼' ਨੂੰ ਆਪਣੇ ਫੋਨ ਉਤੇ ਪੜ੍ਹਨ ਲਈ ਫੋਨ: 224-386-4548 ਅਤੇ ਈਮੇਲ: punjabiparwaz@gmail.com ਉਤੇ ਸੰਪਰਕ ਕਰੋ ਜਾਂ ਸਾਡੀ ਵੈਬਸਾਈਟ www.punjabiparwaz.com ਉਤੇ ਈਪੇਪਰ ਦਾ ਬਟਨ ਕਲਿੱਕ ਕਰੋ**

# ਗਿਆਨ ਅਤੇ ਪਿਆਰ



ਔਸਕਾਰ ਵਾਲਡੇ

ਤਰਜਮਾਨ: ਅਮਰੀਕ ਸਿੰਘ
ਫੋਨ: 224-289-1825

ਕਈ ਸਦੀਆਂ ਦੀ ਗੱਲ ਹੈ ਕਿ ਇੱਕ ਲੜਕਾ ਬਚਪਨ ਤੋਂ ਹੀ ਰੱਬ ਦੇ ਗਿਆਨ ਨਾਲ ਭਰਿਆ ਹੋਇਆ ਸੀ। ਉਹਦੇ ਸ਼ਹਿਰ ਦੇ ਲੋਕ ਉਹਨੂੰ ਸੁਆਲ ਕਰਦੇ ਤੇ ਉਹਦਾ ਜੁਆਬ ਜੋ ਕੇ ਸਿਆਣਪ ਨਾਲ ਭਰਪੂਰ ਹੁੰਦਾ, ਸੁਣ ਕੇ ਹੈਰਾਨ ਹੋ ਜਾਂਦੇ।

ਫਿਰ ਉਸ ਦੇ ਮਾਤਾ-ਪਿਤਾ ਨੇ ਉਸ ਨੂੰ ਚੋਲਾ ਪੁਆਇਆ ਅਤੇ ਉਸ ਦਾ ਮੱਥਾ ਚੁੰਮਿਆ ਤੇ ਕਿਹਾ ਕਿ ਦੁਨੀਆਂ ਵਿੱਚ ਜਾ ਅਤੇ ਰੱਬ ਬਾਰੇ ਲੋਕਾਂ ਨੂੰ ਦੱਸ, ਕਿਉਂਕਿ ਉਸ ਵੇਲੇ ਰੱਬ ਦਾ ਗਿਆਨ ਲੋਕਾਂ ਕੋਲ ਅਧੂਰਾ ਸੀ ਜਾਂ ਬਿਲਕੁਲ ਵੀ ਨਹੀਂ ਪਤਾ ਸੀ; ਛੋਟੇ ਦੇਵੀ-ਦੇਵਤਿਆਂ ਨੂੰ ਹੀ ਪੂਜਦੇ ਸਨ। ਇਹ ਛੋਟੇ ਰੱਬ ਇਨਸਾਨਾਂ ਦੀ ਪ੍ਰਵਾਹ ਨਹੀਂ ਸਨ ਕਰਦੇ, ਸਿਰਫ ਪੈਸੇ ਬਟੋਰਦੇ ਸਨ।

ਉਹ ਸੂਰਜ ਚੜ੍ਹਦੇ ਵੱਲ ਮੂੰਹ ਕਰਕੇ ਚੱਲ ਪਿਆ, ਹੱਥ ਵਿੱਚ ਪਾਣੀ ਨਾਲ ਭਰਿਆ ਪੱਕੀ ਮਿੱਟੀ ਦਾ ਲੋਟਾ, ਲੱਕ ਲੰਗੋਟ ਬੰਨਿਆ ਹੋਇਆ ਅਤੇ ਰੱਬ ਦੀ ਉਸਤਤ ਕਰਦਾ ਟੁਰਦਾ ਰਿਹਾ। ਫਿਰ ਉਹ ਇੱਕ ਅਜੀਬ ਦੇਸ਼ ਪਹੁੰਚਿਆ, ਜਿਥੇ ਕਈ ਸ਼ਹਿਰ ਸਨ। ਉਸ ਨੇ ਗਿਆਰਾਂ ਸ਼ਹਿਰ ਪਾਰ ਕੀਤੇ। ਕਈ ਸ਼ਹਿਰ ਵਾਦੀਆਂ ਵਿੱਚ ਸਨ, ਕੁਝ ਦਰਿਆਵਾਂ ਦੇ ਕੰਢਿਆਂ 'ਤੇ ਸਨ ਅਤੇ ਕੁਝ ਪਹਾੜੀਆਂ 'ਤੇ ਸਨ। ਹਰ ਸ਼ਹਿਰ ਦੇ ਲੋਕ ਉਹਦੇ ਪਿੱਛੇ ਚਲਦੇ ਰਹੇ ਕਿ ਇੱਕ ਵੱਡਾ ਹਜੂਮ ਬਣ ਗਿਆ। ਕਈ ਰਾਜੇ ਵੀ ਉਸ ਦੇ ਚੇਲੇ ਬਣ ਗਏ, ਪਰ ਮੰਦਰਾਂ, ਮਸੀਤਾਂ ਅਤੇ ਗੁਰਦੁਆਰਿਆਂ 'ਤੇ ਚੜ੍ਹਾਵਾ ਅੱਧਾ ਵੀ ਨਾ ਰਿਹਾ। ਬਹੁਤ ਘੱਟ ਲੋਕ ਇਨ੍ਹਾਂ ਧਰਮ ਅਸਥਾਨਾਂ 'ਤੇ ਹੁਣ ਜਾਂਦੇ।

ਫਿਰ ਵੀ ਹੋਰ ਲੋਕ ਉਹਦੇ ਪਿੱਛੇ ਹਜੂਮ ਵਿੱਚ ਮਿਲ ਕੇ ਜਾਣ ਲੱਗ ਪਏ, ਪਰ ਉਸ ਲੜਕੇ (ਜੋ ਹੁਣ ਬੁਢਾ ਹੋ ਗਿਆ ਸੀ) ਉਸ ਦੀ ਖੁਸ਼ੀ ਘਟਦੀ ਅਤੇ ਉਦਾਸੀ ਵਧਦੀ ਗਈ। ਉਸ ਨੂੰ ਪਤਾ ਲੱਗ ਗਿਆ, ਕਿਉਂ ਉਸ ਦੀ ਖੁਸ਼ੀ ਘਟ ਰਹੀ ਹੈ; ਕਿਉਂਕਿ ਉਹ ਰੱਬ ਬਾਰੇ ਗਿਆਨ ਵੰਡਦਾ ਰਿਹਾ ਸੀ, ਜੋ ਗਿਆਨ ਹੁਣ ਉਸ ਕੋਲ ਘਟ ਗਿਆ ਸੀ। ਲੋਕਾਂ ਦੇ ਹਜੂਮ ਨੂੰ ਹੁਣ ਉਹਨੇ ਰੱਬ ਦਾ ਗਿਆਨ ਦੇਣਾ ਬੰਦ ਕਰ ਦਿੱਤਾ ਅਤੇ ਜੋ ਥੋੜ੍ਹਾ ਕੁ ਬਚਿਆ ਸੀ, ਉਸ ਨੇ ਸਾਂਭ ਕੇ ਰੱਖ ਲਿਆ। ਲੋਕ ਤਰਲੇ ਕਰਦੇ ਕਿ ਉਨ੍ਹਾਂ ਨੂੰ ਗਿਆਨ ਦਿਓ, ਪਰ ਉਹ ਬੁੱਢਾ ਸੰਨਿਆਸੀ ਕਹਿੰਦਾ, ਨਹੀਂ ਦੇਵਾਂਗਾ! ਹੋਰ ਗੱਲਾਂ ਕਰ ਸਕਦੇ ਹਾਂ। ਲੋਕ ਉਸ ਅੱਗੇ ਸਿਰ ਝੁਕਾਉਂਦੇ ਅਤੇ ਤਰਲੇ ਕਰਦੇ ਕਿ ਸਾਨੂੰ ਰੱਬ ਬਾਰੇ ਦਸੋ, ਪਰ ਉਹ ਨਾ ਮੰਨਦਾ।

ਉਸ ਨੇ ਨੀਵਾਂ ਹੋ ਕੇ ਹੱਥਾਂ ਉਪਰ ਸਿਰ ਧਰਿਆ ਅਤੇ ਰੋ ਕੇ ਆਪਣੀ ਆਤਮਾ ਨੂੰ ਪੁਛਿਆ, "ਇਹ ਕੀ ਹੋ ਰਿਹਾ ਹੈ ਮੇਰੇ ਨਾਲ। ਮੈਂ ਡਰ ਅਤੇ ਉਦਾਸੀ ਨਾਲ ਭਰਦਾ ਜਾ ਰਿਹਾ ਹਾਂ ਅਤੇ ਮੈਨੂੰ ਸਭ ਕੋਲੋਂ ਡਰ ਲੱਗ ਰਿਹਾ ਹੈ।"

ਉਸ ਦੀ ਆਤਮਾ ਨੇ ਸੁਣਿਆ ਅਤੇ ਜੁਆਬ ਵਿੱਚ ਬੋਲੀ, "ਰੱਬ ਨੇ ਤੈਨੂੰ ਆਪਣੇ ਗਿਆਨ ਨਾਲ ਭਰ ਦਿੱਤਾ ਸੀ, ਪਰ ਤੂੰ ਲੋਕਾਂ ਵਿੱਚ ਵੰਡ ਦਿੱਤਾ ਹੈ; ਬੜਾ ਥੋੜ੍ਹਾ ਹੀ ਆਪਣੇ ਕੋਲ ਰੱਖਿਆ ਹੈ। ਮੁੱਕਦੀ ਗੱਲ, ਜੋ ਸਿਆਣਪ ਅਤੇ ਗਿਆਨ ਵੰਡਦਾ ਹੈ, ਉਹ ਆਪਣੇ ਆਪ ਨੂੰ ਲੁਟਾ ਰਿਹਾ ਹੈ। ਕੀ ਤੂੰ ਰੱਬ ਤੋਂ ਸਿਆਣਾ ਹੈ? ਕੀ ਰੱਬ ਲੋਕਾਂ ਨੂੰ ਆਪ ਗਿਆਨ ਨਹੀਂ ਦੇ ਸਕਦਾ? ਰੱਬ ਉਨ੍ਹਾਂ ਨੂੰ ਗਿਆਨ ਦਿੰਦਾ ਹੈ, ਜੋ ਗਿਆਨ ਦੀ ਕਦਰ ਕਰਦੇ ਹਨ। ਤੇਰੇ ਵਾਂਗੂੰ, ਰੱਬ ਜੀ ਐਵੇਂ ਨਹੀਂ ਵੰਡੀ ਜਾਂਦੇ ਅੰਨੇ ਵਾਹ। ਕਦੀ ਤੂੰ ਭਰਿਆ ਹੋਇਆ ਸੀ, ਪਰ ਹੁਣ ਥੋੜ੍ਹਾ ਜਿਹਾ ਸੰਭਾਲ ਕੇ ਰੱਖ।" ਅਤੇ ਉਹ ਰੋ ਕੇ ਕਹਿ ਰਿਹਾ ਸੀ, "ਹੁਣ ਮੈਂ ਰੱਬ ਬਾਰੇ ਕੋਈ ਗੱਲ ਨਹੀਂ ਕਰਾਂਗਾ। ਕਦੀ ਮੈਂ ਭਰਿਆ ਅਤੇ ਖੁਸ਼ ਸੀ। ਜੋ ਮੈਂ ਗਿਆਨ ਲੁਟਾ ਦਿੱਤਾ ਹੈ, ਸਮਝੋ ਮੈਂ ਆਪਣੇ ਆਪ ਨੂੰ ਲੁੱਟ ਲਿਆ ਹੈ।"

ਉਸ ਦੇ ਚੇਲੇ ਉਦਾਸ ਹੋ ਕੇ ਘਰਾਂ ਨੂੰ ਮੁੜ ਗਏ ਅਤੇ ਕਈ ਰਸਤੇ ਵਿੱਚ ਹੀ ਦਮ ਤੋੜ ਗਏ। ਹੁਣ ਉਹ ਸੰਨਿਆਸੀ ਚੰਦਰਮਾ ਵੱਲ ਮੂੰਹ ਕਰਕੇ ਚੱਲ ਪਿਆ ਅਤੇ ਇਕ ਰੇਗਿਸਤਾਨ ਵਿੱਚ ਪਹੁੰਚ ਗਿਆ। ਸਾਹਮਣੇ ਹਰਾ ਖੁੱਲ੍ਹਾ ਮੈਦਾਨ ਸੀ ਅਤੇ ਦੂਰ ਇੱਕ ਸੁੰਦਰ ਸ਼ਹਿਰ ਨਜ਼ਰ ਆਉਂਦਾ ਸੀ। ਉਥੇ ਉਸ ਨੇ ਇੱਕ ਕੁਟੀਆ ਬਣਾ ਲਈ ਅਤੇ ਰਹਿਣ ਲੱਗ ਪਿਆ। ਇੱਕ ਚੌਟਾਈ 'ਤੇ ਸੌਂਦਾ ਅਤੇ ਹਰ ਵੇਲੇ ਇਹ ਅਰਦਾਸ ਕਰਦਾ ਕਿ ਰੱਬ ਜੀ, ਮੈਨੂੰ ਪਹਿਲਾਂ ਦੀ ਤਰ੍ਹਾਂ ਭਰ ਦਿਓ, ਪਰ ਇਹ ਨਾ ਹੋਇਆ। ਇੱਕ ਸ਼ਾਮ ਨੂੰ ਜਦ ਉਹ ਸੰਨਿਆਸੀ ਆਪਣੀ ਚੌਟਾਈ 'ਤੇ ਬੈਠਾ ਸੀ, ਉਸ ਦੇ ਸਾਹਮਣਿਓਂ ਇੱਕ ਸੁੰਦਰ ਚਿਹਰੇ ਦਾ ਮਾਲਕ, ਪਰ ਸ਼ੈਤਾਨ ਮਨ ਵਾਲਾ ਮੁੰਡਾ ਲੰਘਿਆ। ਮੁੰਡੇ ਦੇ ਹੱਥ ਵਿੱਚ ਕੁਝ ਨਹੀਂ ਸੀ, ਖਾਲੀ ਸਨ। ਉਸ ਦੇ ਸ਼ਾਮ ਨੂੰ ਹੱਥ ਖਾਲੀ ਹੁੰਦੇ ਅਤੇ ਦੁਪਹਿਰ ਵੇਲੇ ਉਸ ਦੇ ਹੱਥਾਂ ਵਿੱਚ ਪੈਸੇ, ਹੀਰੇ ਤੇ ਜਵਾਹਰਾਤ ਹੁੰਦੇ, ਕਿਉਂਕਿ ਉਹ ਲੁਟੇਰਾ ਸੀ ਅਤੇ ਵਪਾਰੀਆਂ ਨੂੰ ਲੁੱਟ ਲੈਂਦਾ ਸੀ। ਸੰਨਿਆਸੀ ਉਸ ਮੁੰਡੇ ਵੱਲ ਤਰਸ ਭਰੀਆਂ ਨਜ਼ਰਾਂ ਨਾਲ ਵੇਖਦਾ, ਪਰ ਉਸ ਮੁੰਡੇ ਨਾਲ ਕੋਈ ਗੱਲ ਨਾ ਕਰਦਾ। ਸੰਨਿਆਸੀ ਜਾਣ ਚੁਕਾ ਸੀ ਕਿ ਜੇ ਉਸ ਨੇ ਗਿਆਨ ਦੀ ਕੋਈ ਗੱਲ ਮੁੰਡੇ ਨਾਲ ਕੀਤੀ ਤਾਂ ਉਹ ਆਪ ਗਿਆਨ ਤੋਂ ਖਾਲੀ ਹੋ ਜਾਵੇਗਾ।

ਇੱਕ ਦਿਨ ਜਵਾਨ ਮੁੰਡਾ ਦੁਪਹਿਰ ਦੇ ਬਾਅਦ ਹੀਰੇ, ਜਵਾਹਰਾਤ ਅਤੇ ਪੈਸੇ ਹੱਥ ਵਿੱਚ ਫੜੀ ਸੰਨਿਆਸੀ ਦੀ ਕੁਟੀਆ ਦੇ ਅੱਗੇ ਜੋਰ ਨਾਲ ਪੈਰ ਮਾਰ ਕੇ ਗੁੱਸੇ ਨਾਲ ਲਾਲ ਪੀਲਾ ਹੋ ਕੇ ਕਹਿਣ ਲੱਗਾ, "ਉਹ! ਸੰਨਆਸੀ ਤੂੰ ਇਸ ਤਰ੍ਹਾਂ ਮੇਰੇ ਵੱਲ ਕਿਉਂ ਵੇਖਦਾ ਹੈਂ? ਤੇਰੀਆਂ ਅੱਖਾਂ ਵਿੱਚ ਕੀ ਹੈ? ਮੈਂ ਜਾਣਨਾ ਚਾਹੁੰਦਾ ਹਾਂ। ਇਸ ਤਰ੍ਹਾਂ ਕਿਸੇ ਬੰਦੇ ਨੇ ਮੇਰੇ ਵੱਲ ਕਦੇ ਨਹੀਂ ਤੱਕਿਆ ਹੈ। ਇਹ ਮੈਨੂੰ ਚੁਭਦਾ ਹੈ ਅਤੇ ਮੈਂ ਪ੍ਰੇਸ਼ਾਨ ਹੁੰਦਾਂ ਹਾਂ।"

ਸੰਨਿਆਸੀ ਨੇ ਕਿਹਾ, "ਮੈਂ ਤੇਰੇ ਵੱਲ ਜਦੋਂ ਵੇਖਦਾ ਹਾਂ, ਤੇਰੀਆਂ ਅੱਖਾਂ ਵਿੱਚੋਂ ਮੈਨੂੰ ਤਰਸ ਨਜ਼ਰ ਆਉਂਦਾ ਹੈ।" ਜਵਾਨ ਮੁੰਡਾ ਹੱਸਿਆ ਅਤੇ ਉਸ ਨੇ ਬੜੇ ਅਪਮਾਨ ਭਰੇ ਲਫਜ਼ਾਂ ਵਿੱਚ ਸੰਨਿਆਸੀ ਨੂੰ ਕਿਹਾ, "ਦੱਸ ਤੇਰੇ ਕੋਲ ਕੀ ਹੈ? ਮੇਰੇ ਕੋਲ ਹੀਰੇ, ਜਵਾਹਰਾਤ ਤੇ ਪੈਸੇ ਹਨ। ਸੰਨਿਆਸੀ ਤੇਰੇ ਕੋਲ ਕੁਟੀਆ ਹੈ ਅਤੇ ਤੂੰ ਚੌਟਾਈ ਉਪਰ ਸੌਂਦਾ ਹੈਂ। ਤੂੰ ਮੇਰੇ 'ਤੇ ਕੀ ਤਰਸ ਕਰ ਸਕਦਾ ਹੈ? ਕੀ ਵਜਾਹ ਹੈ ਤੇਰੇ ਕੋਲ ਮੇਰੇ 'ਤੇ ਤਰਸ ਕਰਨ ਲਈ?

ਸੰਨਿਆਸੀ ਨੇ ਕਿਹਾ, "ਹਾਂ ਹੈ ਕੋਈ ਵਜਾਹ। ਤੇਰੇ ਕੋਲ ਰੱਬ ਬਾਰੇ ਗਿਆਨ ਨਹੀਂ ਹੈ।" ਮੁੰਡੇ ਨੇ ਕੁਟੀਆ ਦੇ ਮੂੰਹ ਅੱਗੇ ਆ ਕੇ ਕਿਹਾ, "ਕੀ ਰੱਬ ਦਾ ਗਿਆਨ ਹੀਰੇ, ਜਵਾਹਰਾਤ ਨਾਲੋਂ ਚੰਗਾ ਹੈ?" ਸੰਨਿਆਸੀ ਨੇ ਕਿਹਾ, "ਬਿਲਕੁਲ! ਹੀਰੇ, ਜਵਾਹਰਾਤਾਂ ਨਾਲੋਂ ਚੰਗਾ ਹੈ। ਮੈਂ ਗਲਤੀ ਕੀਤੀ, ਗਿਆਨ ਵੰਡਦਾ ਗਿਆ ਅਤੇ ਹੁਣ ਬਹੁਤ ਥੋੜ੍ਹਾ ਕੁ ਰਹਿ ਗਿਆ ਹੈ, ਜੋ ਹਾਲੇ ਵੀ ਹੀਰੇ ਜਵਾਹਰਾਤਾਂ ਨਾਲੋਂ ਬਹੁਤ ਚੰਗਾ ਹੈ।" ਜਦੋਂ ਮੁੰਡੇ ਨੇ ਇਹ ਸੁਣਿਆ ਤਾਂ ਉਸ ਨੇ ਤਲਵਾਰ ਕੱਢ ਲਈ ਅਤੇ ਸੰਨਿਆਸੀ ਨੂੰ ਕਿਹਾ, "ਉਹ ਗਿਆਨ ਮੈਨੂੰ ਦੇ ਦੇ, ਨਹੀਂ ਤਾਂ ਮੈਂ ਤੈਨੂੰ ਜਰੂਰ ਵੱਢ ਦਿਆਂਗਾ।" ਸੰਨਿਆਸੀ ਨੇ ਆਪਣੀਆਂ ਬਾਹਾਂ ਖਲਾਰ ਕੇ ਕਿਹਾ, "ਅੱਛਾ! ਜੇ ਤੇਰੀ ਇੱਛਾ ਹੈ ਤਾਂ ਤੂੰ ਮੈਨੂੰ ਵੱਢ ਦੇ, ਪਰ ਮੈਂ, ਜੋ ਥੋੜ੍ਹਾ ਗਿਆਨ ਰੱਬ ਬਾਰੇ ਬਚਿਆ ਹੈ, ਤੈਨੂੰ ਨਹੀਂ ਦੇਵਾਂਗਾ।"

ਜਵਾਨ ਲੁਟੇਰਾ ਸੰਨਿਆਸੀ ਦੇ ਅੱਗੇ ਗੋਡੇ ਟੇਕ ਕੇ ਬੈਠ ਗਿਆ, ਪਰ ਸੰਨਿਆਸੀ ਨੇ ਰੱਬ ਬਾਰੇ ਕੋਈ ਗੱਲ ਨਾ ਕੀਤੀ ਅਤੇ ਨਾ ਹੀ ਗਿਆਨ ਦੀ ਗੱਲ ਕੀਤੀ। ਜਵਾਨ ਲੁਟੇਰਾ ਉਠ ਪਿਆ ਅਤੇ ਬੋਲਿਆ, "ਅੱਛਾ ਸੰਨਿਆਸੀ ਤੇਰੀ ਮਰਜੀ। ਮੈਂ ਸ਼ਹਿਰ ਨੂੰ ਜਾਂਦਾ ਹਾਂ, ਹੀਰੇ ਜਵਾਹਰਾਤ ਤੇ ਪੈਸਿਆਂ ਨਾਲ ਸ਼ਹਿਰ ਵਿੱਚ ਰਾਤ ਨੂੰ ਰੰਗਰਲੀਆਂ ਮਨਾਵਾਂਗਾ। ਉਹ ਜਲਦੀ ਸ਼ਹਿਰ ਵੱਲ ਨੂੰ ਚੱਲ ਪਿਆ। ਸੰਨਿਆਸੀ ਚੀਕਿਆ, ਜਵਾਨ ਮੁੰਡੇ ਦੇ ਪਿੱਛੇ ਦੌੜਿਆ ਅਤੇ ਉਸ ਨੂੰ ਵਾਪਸ ਕੁਟੀਆ ਲੈ ਆਇਆ। ਸੰਨਿਆਸੀ ਨੇ ਬੜੇ ਵਾਸਤੇ ਪਾਏ ਕਿ ਹੇ ਜਵਾਨ ਮੁੰਡੇ, ਤੂੰ ਸ਼ਹਿਰ ਨਾ ਜਾ। ਪਾਪ ਨਾ ਕਮਾ। ਜਵਾਨ ਮੁੰਡੇ ਨੇ ਵਾਰ ਵਾਰ ਆਖਿਆ ਕਿ ਮੈਂ ਨਹੀਂ ਜਾਂਦਾ, ਪਰ ਤੈਨੂੰ ਰੱਬ ਦਾ ਗਿਆਨ, ਜੋ ਤੂੰ ਕਹਿੰਦਾ ਹੈ ਕਿ ਹੀਰੇ, ਜਵਾਹਰਾਤ ਅਤੇ ਪੈਸਿਆ ਨਾਲੋਂ ਵੀ ਵਡਮੁੱਲਾ ਹੈ, ਉਹ ਦੇਣਾ ਪਵੇਗਾ। ਸੰਨਿਆਸੀ ਨੇ ਕਿਹਾ, "ਉਹ! ਰੱਬ ਦੇ ਵਾਸਤੇ ਮੈਂ ਨਹੀਂ ਦੇਵਾਂਗਾ; ਪਰ ਹੋਰ ਜੋ ਮਰਜੀ ਮੰਗ ਲੈ, ਭਾਵੇਂ ਮੇਰੀ ਜਾਨ ਲੈ ਲੈ।"

ਉਹ ਜਵਾਨ ਲੁਟੇਰਾ ਸੰਨਿਆਸੀ ਦਾ ਜੁਆਬ ਸੁਣ ਕੇ ਬੜਾ ਹੱਸਿਆ ਅਤੇ ਉਥੋਂ ਸ਼ਹਿਰ ਵੱਲ ਚੱਲ ਪਿਆ। ਸੰਨਿਆਸੀ ਹਰ ਹਾਲਤ ਵਿੱਚ ਜਵਾਨ ਲੁਟੇਰੇ ਨੂੰ ਪਾਪ ਤੋਂ ਬਚਾਉਣਾ ਚਾਹੁੰਦਾ ਸੀ ਅਤੇ ਉਸ ਨੇ ਜਵਾਨ ਲੁਟੇਰੇ ਨੂੰ ਕੁੜਤੇ ਦੀ ਕੰਨੀ ਤੋਂ ਫੜ ਲਿਆ ਅਤੇ ਕਿਹਾ, "ਆਪਣੇ ਹੱਥ ਖੋਲ੍ਹ ਤੇ ਮੇਰੀ ਗਰਦਨ ਦੇ ਦੁਆਲੇ ਲਪੇਟ ਦੇ, ਆਪਣੇ ਕੰਨ ਮੇਰੇ ਬੁੱਲਾਂ ਦੇ ਕੋਲ ਕਰ ਅਤੇ ਮੈਂ ਬਚਿਆ ਹੋਇਆ ਗਿਆਨ ਤੈਨੂੰ ਦੇ ਦਿੰਦਾ ਹਾਂ।"

ਸੰਨਿਆਸੀ ਨੇ ਗਿਆਨ ਦੇ ਦਿੱਤਾ, ਪਰ ਆਪ ਉਹ ਜ਼ਮੀਨ ਉਪਰ ਡਿੱਗ ਪਿਆ। ਮੁੰਡਾ ਵਾਪਸ ਆਪਣੇ ਘਰ ਚਲਾ ਗਿਆ ਅਤੇ ਫਿਰ ਕਦੀ ਵੀ ਸ਼ਹਿਰ ਨਾ ਗਿਆ। ਸੰਨਿਆਸੀ ਨੂੰ ਇੱਕ ਆਵਾਜ਼ ਸੁਣਾਈ ਦਿੱਤੀ ਅਤੇ ਉਸ ਨੇ ਇੱਕ ਉਚਾ, ਭੂਰੇ ਵਾਲਾਂ ਵਾਲਾ ਅਤੀ ਸੁੰਦਰ ਇਨਸਾਨ ਆਪਣੇ ਕੋਲ ਖਲੋਤਾ ਵੇਖਿਆ। ਉਸ ਇਨਸਾਨ ਨੇ ਸੰਨਿਆਸੀ ਨੂੰ ਫੜ ਕੇ ਉਠਾਇਆ ਅਤੇ ਜੱਫੀ ਵਿੱਚ ਲੈ ਕੇ ਬੋਲਿਆ, "ਓ ਸੰਨਿਆਸੀ ਪਹਿਲਾਂ ਮੈਂ ਤੈਨੂੰ ਗਿਆਨ ਦਿੱਤਾ ਸੀ; ਹੁਣ ਮੈਂ ਤੈਨੂੰ ਪਿਆਰ ਦਿੰਦਾ ਹਾਂ, ਤੂੰ ਕਿਉਂ ਰੋਂਦਾ ਹੈਂ? ਸੰਨਿਆਸੀ ਨੂੰ ਚੁੰਮ ਕੇ ਉਸ ਇਨਸਾਨ ਨੇ ਕਿਹਾ, "ਇਸ ਪਿਆਰ ਨੂੰ ਜਿੰਨਾ ਵੀ ਵੰਡੇਗਾ, ਇਹ ਪਿਆਰ ਮੁੱਕੇਗਾ ਨਹੀਂ, ਸਗੋਂ ਵਧੇਗਾ।"


## ਡੇਵਨਪੋਰਟ ਫੈਮਿਲੀ ਫਿਊਨਰਲ ਹੋਮ ਅਤੇ ਸ਼ਮਸ਼ਾਨਘਰ

Serving the Sikh Community with Dignity and Care



ਸਿੱਖ ਭਾਈਚਾਰੇ ਨਾਲ ਸਬੰਧਤ ਮ੍ਰਿਤਕਾਂ ਦਾ ਸਸਕਾਰ ਭਾਵਨਾਤਮਕ ਤੌਰ 'ਤੇ ਪੂਰੀ ਦੇਖਭਾਲ ਨਾਲ ਕੀਤਾ ਜਾਂਦਾ ਹੈ

-ਮੌਕੇ 'ਤੇ ਸਸਕਾਰ
-ਅੰਤਿਮ ਦਰਸ਼ਨਾਂ ਲਈ ਕਮਰਾ
-ਵੱਡਾ ਤੇ ਸੁੰਦਰ ਚੈਪਲ
-ਘੱਟ ਖਰਚ ਉਤੇ ਸੇਵਾਵਾਂ

-On Site Crematory
-Viewing Room Available
-Large, Beautiful Chapels
-Competitive Prices

ਪਰਿਵਾਰਾਂ ਦੀ ਉਸੇ ਤਰ੍ਹਾਂ ਸੇਵਾ ਕਰਦੇ ਹਾਂ, ਜਿਵੇਂ ਅਸੀਂ ਆਪਣੇ ਪਰਿਵਾਰ ਲਈ ਚਾਹੁੰਦੇ ਹਾਂ

Serving Families As We Would Want Ours Served

Lake Zurich 847-550-4221
Crystal Lake 825-459-3411
Barrington 847-381-3411

Please call or visit our website at
www.davenportfamily.com

Davenport
FAMILY FUNERAL HOMES AND CREMATORY

## ਲੈ ਬੈਠੇਗਾ ਚੁੱਪ ਰਹਿਣਾ...

**ਸੱਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਹਾਕਮ-ਜਮਾਤਾਂ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲ-ਅੰਦਾਜ਼ੀ ਕਰ ਰਹੀਆਂ ਹਨ। ਇਸ ਦਾ ਕੁਢਰ ਰੂਪ ਹੁਣ ਦੇ ਹਾਕਮਾਂ ਵਲੋਂ ਪਾਸ ਕੀਤੇ ਵਣ ਰੱਖਿਆ ਸੋਧ ਬਿਲ-2023 'ਚ ਸਾਹਮਣੇ ਆਇਆ ਹੈ, ਜਿਸ ਨਾਲ ਗੈਰ-ਨੋਟੀਫਾਈ ਜੰਗਲ ਤਾਂ ਕੀ, ਰਾਖਵੇਂ ਜੰਗਲ ਤੱਕ ਤਿੱਖੇ ਵਢਾਂਗੇ ਹੇਠ ਆ ਜਾਣਗੇ। ਇਹ ਫਿਕਰ ਜਤਾਉਂਦਿਆਂ ਉਘੇ ਲੇਖਕ ਵਿਜੈ ਬੰਬੇਲੀ ਨੇ ਲਿਖਿਆ ਹੈ ਕਿ ਧਨ-ਕੁਬੇਰਾਂ ਦੀਆਂ ਪ੍ਰਿਤਪਾਲਕ ਅਤੇ ਅਖੌਤੀ ਵਿਕਾਸ ਦੀਆਂ ਚੁੰਧਿਆਈਆਂ ਹਾਕਮ-ਜਮਾਤਾਂ ਜੰਗਲਾਂ ਦੇ ਜੜ੍ਹੀਂ ਅੱਕ ਦੇਣ ਵੱਲ ਤੁਰੀਆਂ ਹੋਈਆਂ ਹਨ। ਪੇਸ਼ ਹੈ, ਇੱਕ ਤਰ੍ਹਾਂ ਦੇ ਜੰਗਲ ਰਾਜ ਵਿੱਚ ਜੰਗਲ ਕਾਨੂੰਨ ਸੋਧ ਸਬੰਧੀ ਜਾਣਕਾਰੀ ਭਰਪੂਰ ਲੇਖ...**



# ਜੰਗਲ ਕਾਨੂੰਨ ਸੋਧ ਬਨਾਮ ਜੰਗਲ ਰਾਜ !

ਵਿਜੈ ਬੰਬੇਲੀ
ਫੋਨ: +91-94634 39075

ਭਾਰਤ ਉੱਤੇ ਕੁਦਰਤ ਬੜੀ ਦਿਆਲ ਸੀ। ਅਸੀਂ ਕੁਦਰਤੀ ਸੋਮਿਆਂ ਵੱਲੋਂ ਹੀ ਨਹੀਂ, ਵੰਨ-ਸੁਵੰਨੀਆਂ ਰੁੱਤਾਂ ਵਜੋਂ ਵੀ ਬੜੇ ਸਰਸ਼ਾਰ ਸਾਂ। ਹੁਣ ਅਜਿਹਾ ਨਹੀਂ ਹੈ! ਕਾਰਨ ਹੈ, ਸਾਡੀ ਲਾਲਸਾ। ਅਸੀਂ ਕੁਦਰਤ ਦੀ ਕਦਰ ਅਤੇ ਮੁੜ-ਭਰਪਾਈ ਨਹੀਂ ਕੀਤੀ। ਸਿੱਟੇ ਵਜੋਂ ਭੈੜੇ ਨਤੀਜੇ ਭੁਗਤਣੇ ਪੈ ਰਹੇ ਹਨ।

ਪ੍ਰਮੁੱਖ ਕੁਦਰਤ ਸੋਮਿਆਂ ਵਿੱਚ ਜੰਗਲ ਦਾ ਉੱਤਮ ਸਥਾਨ ਹੈ। ਸਾਡੇ ਪੁਰਖੇ ਤਾਂ ਮੁੱਢ-ਕਦੀਮ ਤੋਂ ਹੀ ਕੁਦਰਤ ਦੀ ਜੈ-ਜੈਕਾਰ ਕਰਦੇ ਆ ਰਹੇ ਸਨ, ਸਬੂਤ ਵਜੋਂ ਭਾਰਤ ਦੀ ਪਹਿਲੜੀ ਮਹਾਂ-ਲਿਖਤ ਰਿਗ ਵੇਦਿਆ ਫਰੋਲੀ ਜਾ ਸਕਦੀ ਹੈ। ਅਸੀਂ, ਬਾਬੇ ਨਾਨਕ ਦੀ ਉਸ ਸੁਣਾਉਣੀ ਨੂੰ ਵੀ ਭੁੱਲ ਗਏ, ਜਿਸ 'ਚ ਪਾਣੀ ਨੂੰ ਪਿਤਾ ਤੇ ਧਰਤ (ਮਿੱਟੀ) ਨੂੰ ਮਾਂ ਦਾ ਦਰਜਾ ਦਿੱਤਾ ਗਿਆ ਹੈ।

ਪਹਿਲ-ਪਲੱਕੜੇ ਪੁਰਖਿਆਂ ਤੋਂ ਬਾਅਦ ਅੰਗਰੇਜ਼ਾਂ ਨੇ ਜੰਗਲਾਂ ਦੀ ਗਹਿਰ-ਗੰਭੀਰ ਮਹੱਤਤਾ ਬੁੱਝਣ ਉਪਰੰਤ ਜੰਗਲ ਕਾਨੂੰਨ-1878 ਲਿਆਂਦਾ। ਇਸ ਤੋਂ ਪਹਿਲਾਂ ਭਾਵੇਂ ਬਹੁਤਾ ਆਪਣੇ ਮੁਫ਼ਾਦ ਹਿੱਤ ਹੀ ਸਹੀ, ਉਨ੍ਹੀਂ ਜੰਗਲ ਕਾਨੂੰਨ-1865 ਵੀ ਲਿਆਂਦਾ ਸੀ। ਸੰਨ 1927 ਵਿੱਚ ਉਹ ਜੰਗਲ-ਵੰਨਗੀਆਂ ਨੂੰ ਪ੍ਰਭਾਸ਼ਿਤ ਕਰਨ ਅਤੇ ਉਨ੍ਹਾਂ ਤਹਿਤ ਜੰਗਲਾਂ ਨੂੰ ਨੋਟੀਫਾਈ ਕਰਨ ਵੱਲ ਵਧੇ, ਜਿਸ ਨਾਲ ਜੰਗਲ ਰੱਖਿਆ ਨੂੰ ਸਿਫ਼ਤੀ ਹੁਲਾਰਾ ਮਿਲਿਆ।

ਕਈ ਕਾਰਨਾਂ ਕਰਕੇ ਗੋਰੇ ਵੀ ਸਾਰੇ ਜੰਗਲਾਂ ਦਾ ਵਰਗੀਕਰਨ ਅਤੇ ਰਾਖਵਾਂਕਰਨ ਨਹੀਂ ਸੀ ਕਰ ਸਕੇ, ਜਿਹੜਾ ਆਜ਼ਾਦੀ ਉਪਰੰਤ ਮੁਕੰਮਲ ਕਰਨਾ ਚਾਹੀਦਾ ਸੀ, ਪ੍ਰੰਤੂ ਨਹੀਂ ਕੀਤਾ ਗਿਆ। ਇਸ ਕਾਰਨ ਕੁਦਰਤੀ ਸਾਵੇਂਪਨ ਅਤੇ ਕੁਦਰਤੀ ਧਰੋਹਰਾਂ, ਜਿਨ੍ਹਾਂ ਉੱਤੇ ਹਾਕਮ-ਜਮਾਤਾਂ ਦੇ ਨੇੜੂ ਧਨ-ਕੁਬੇਰਾਂ ਦੀ ਬਾਜ਼-ਅੱਖ ਟਿਕੀ ਹੋਈ ਹੈ, ਦਾ ਨੁਕਸਾਨ-ਦਰ-ਨੁਕਸਾਨ ਹੁੰਦਾ ਰਿਹਾ।

ਆਜ਼ਾਦੀ ਉਪਰੰਤ ਵਣ ਰੱਖਿਆ ਕਾਨੂੰਨ-1980 ਆਇਆ, ਜਿਸ ਸਦਕਾ ਜੰਗਲ ਕਟਾਈ, ਜੋ ਸਾਲਾਨਾ 1.5 ਲੱਖ ਹੈਕਟੇਅਰ ਸੀ, ਘਟ ਕੇ 38 ਹਜ਼ਾਰ ਹੈਕਟੇਅਰ ਰਹਿ ਗਈ। ਦਸੰਬਰ 1996 ਵਿੱਚ ਸੁਪਰੀਮ ਕੋਰਟ ਨੇ ਜੰਗਲ ਪ੍ਰੇਮੀ ਟੀ. ਐਨ. ਗੋਦਾਵਰਮਨ ਦੀ ਅਰਜ਼ੋਈ ਉੱਤੇ ਇਸ ਕਾਨੂੰਨ ਦਾ ਦਾਇਰਾ ਤਾ-ਕਿਸਮ ਦੇ ਜੰਗਲਾਂ (ਵਣ ਕੈਟਾਗਰੀਜ਼) ਤੱਕ ਵਧਾ ਦਿੱਤਾ, ਤਾਂ ਜੋ ਜੰਗਲ ਸਥਿਰ ਰਹਿ ਸਕਣ।

ਜੰਗਲਾਂ ਦੀ ਸਥਿਤੀ ਬਾਰੇ ਰਿਪੋਰਟ-2021 ਅਨੁਸਾਰ ਦੇਸ਼ ਦੇ ਜੰਗਲਾਂ ਦਾ ਕਰੀਬ 15% ਖੇਤਰ ਹਾਲੇ ਤੀਕ ਵੀ ਰਾਖਵੇਂ ਜੰਗਲ ਵਜੋਂ ਵਰਗੀਕਰਨ ਨਹੀਂ ਕੀਤਾ ਗਿਆ। ਵਣ ਸੋਧ ਬਿਲ-2023 'ਤੇ ਸਾਂਝੀ ਸੰਸਦੀ ਕਮੇਟੀ ਨੇ ਉਂਗਲ ਰੱਖੀ ਸੀ ਕਿ ਇਸ ਨਾਲ ਵਣ ਰੱਖਿਆ ਕਾਨੂੰਨ ਦੀਆਂ ਕੁੱਝ ਮੱਦਾਂ ਨੂੰ ਬੇਹੱਦ ਪੇਤਲਾ ਕੀਤਾ ਗਿਆ ਹੈ, ਜਿਸ ਨਾਲ ਗੈਰ-ਨੋਟੀਫਾਈ ਜੰਗਲ ਤਾਂ ਕੀ, ਰਾਖਵੇਂ ਜੰਗਲ ਤੱਕ ਤਿੱਖੇ ਵਢਾਂਗੇ ਹੇਠ ਆ ਜਾਣਗੇ।

ਅਫਸੋਸ! ਧਨ-ਕੁਬੇਰਾਂ ਦੀਆਂ ਪ੍ਰਿਤਪਾਲਕ ਅਤੇ ਅਖੌਤੀ ਵਿਕਾਸ ਦੀਆਂ ਚੁੰਧਿਆਈਆਂ ਹਾਕਮ-ਜਮਾਤਾਂ ਜੰਗਲਾਂ ਦੇ ਜੜ੍ਹੀਂ ਅੱਕ ਦੇਣ ਵੱਲ ਤੁਰੀਆਂ ਹੋਈਆਂ ਹਨ। ਹੁਣ ਵਾਲੀ ਕੇਂਦਰੀ ਸਰਕਾਰ ਧਨ ਕੁਬੇਰਾਂ ਦੇ ਕੁਦਰਤੀ ਸੋਮਿਆਂ ਅਤੇ ਜੰਗਲਾਂ ਤੇ ਕਬੀਲਾਈਜ਼ ਭੋਇੰ ਉੱਤੇ ਕਬਜ਼ਿਆਂ ਦਾ ਰਾਹ ਪੱਧਰਾ ਕਰਨ ਲਈ ਸਿੱਧੇ-ਅਸਿੱਧੇ ਲਗਾਤਰ ਸਾਜ਼ਿਸ਼ਾਂ ਕਰ ਰਹੀ ਹੈ, ਪਰ ਬਰੀ ਪਹਿਲਿਆਂ ਨੂੰ ਵੀ ਨਹੀਂ ਕੀਤਾ ਜਾ ਸਕਦਾ। ਆਦਿ-ਵਾਸੀਆਂ ਦੇ ਵਿਦਰੋਹਾਂ ਨੂੰ ਇਸ ਸੰਦਰਭ ਵਿੱਚ ਵੀ ਬੁੱਝਿਆ ਜਾ ਸਕਦਾ ਹੈ।

ਸੋਧ ਬਿਲ-2023 ਬੇਹੱਦ-ਗੈਰਜ਼ਿੰਮੇਵਾਰੀ ਨਾਲ ਕਿਸੇ ਵੀ ਜੰਗਲੀ ਖਿੱਤੇ ਨੂੰ ਹੋਰ ਕਾਰਜਾਂ ਹਿੱਤ ਵਰਤਣ ਦੀ ਬੇ-ਕਿਰਕ ਆਗਿਆ ਦਿੰਦਾ ਹੈ। ਕਾਹਲੀ ਵੇਖੋ, 1996 ਤੱਕ ਦੇ ਪ੍ਰਵਾਨਗੀ ਲਈ ਪੈਂਡਿਗ ਕੇਸਾਂ ਵਿੱਚ ਤਾ-ਜੰਗਲੀ ਖਿੱਤੇ ਨੂੰ ਗੈਰ-ਜੰਗਲੀ ਖਿੱਤੇ ਵਜੋਂ ਆਗਿਆ ਦੇਣ ਸਮੇਂ ਮੁੜ-ਦਰਖਾਸਤਾਂ ਮੰਗਣ ਜਾਂ ਘੋਖਣ ਦੀ ਲੋੜ ਹੀ ਨਹੀਂ ਸਮਝੀ ਗਈ ਕਿ ਇੰਜ ਕਰਨ ਨਾਲ ਕੁਦਰਤੀ ਅਤੇ ਸਮਾਜਿਕ ਸਮਤੋਲ ਨਾਲ ਵੱਡੀ ਬੇਇਸਾਫੀ ਹੋਵੇਗੀ।

ਜੰਗਲ ਲਬਰੇਜ਼ ਕੁੱਝ ਸੂਬਿਆਂ, ਅਰਾਵਲੀ ਘਾਟ ਅਤੇ ਵਿਸ਼ੇਸ਼ ਕਰਕੇ ਪੱਛਮੀ ਤੇ ਪੂਰਬੀ ਘਾਟਾਂ ਦੇ ਕੁਦਰਤੀ ਜੰਗਲਾਂ ਅਤੇ ਉਨ੍ਹਾਂ ਪਹਾੜਾਂ, ਜਿਹੜੇ ਸਰਸਬਜ਼ ਰਕਬੇ ਤੇ ਖਣਿਜਾਂ ਵਜੋਂ ਬੇਹੱਦ ਮਾਲਾ-ਮਾਲ ਹਨ ਪ੍ਰਤੀ ਅਤੇ ਉਨ੍ਹਾਂ ਦੇ ਮੂਲ ਜਾਂ ਕੁਦਰਤੀ ਮਾਲਕਾਂ ਨਾਲ ਤਾਂ ਬੇਹੱਦ ਧ੍ਰੋਹ ਕਮਾਇਆ ਜਾ ਰਿਹਾ ਹੈ। ਮਨੀਪੁਰ ਆਦਿ ਦੁਖਾਂਤ, ਕੁੱਝ ਹੋਰ ਕਾਰਨਾਂ ਤੋਂ ਬਿਨਾਂ, ਅਜਿਹੀਆਂ ਹਰਕਤਾਂ ਦਾ ਵੀ ਸਿੱਟਾ ਹਨ।

ਅਜਿਹਾ ਕਿਉਂ? ਕਿਉਂਕਿ ਹਾਕਮ-ਜਮਾਤਾਂ ਸੱਤਾ ਅਤੇ ਮੁਨਾਫ਼ੇ ਦੀ ਲਾਲਸਾ ਹੇਠ ਸਾਵੇਂ ਕੁਦਰਤੀ ਪ੍ਰਬੰਧ 'ਚ ਬੇ-ਕਿਰਕ ਦਖਲ-ਅੰਦਾਜ਼ੀ ਕਰ ਰਹੀਆਂ ਹਨ। ਇਸ ਦਾ ਕੁਢਰ ਰੂਪ ਹੁਣ ਦੇ ਹਾਕਮਾਂ ਵਲੋਂ ਪਾਸ ਕੀਤੇ ਵਣ ਰੱਖਿਆ ਸੋਧ ਬਿਲ-2023 'ਚ ਸਾਹਮਣੇ ਆਇਆ ਹੈ। ਅਸੀਂ ਬੋਲਦੇ ਹੀ ਨਹੀਂ, ਕਿਉਂਕਿ ਸਾਨੂੰ ਜੰਗਲਾਂ ਦੇ ਅਸਿੱਧੇ, ਪਰ ਨਿਹਾਇਤ ਜ਼ਰੂਰੀ ਲਾਭਾਂ ਦਾ ਨਹੀਂ ਪਤਾ।

ਅਸੀਂ ਭਾਰਤੀ ਲੋਕ, ਖਾਸ ਕਰਕੇ ਹਾਕਮ, ਇਤਿਹਾਸ ਤੋਂ ਵੀ ਸਬਕ ਨਹੀਂ ਸਿਖਦੇ। ਦਰ-ਹਕੀਕਤ ਅਸੀਂ ਇਤਿਹਾਸ ਨੂੰ ਗੂੜ੍ਹਦੇ ਨਹੀਂ, 'ਡੰਡੌਤ-ਬੰਦਨਾ' ਕਰਦੇ ਹਾਂ। ਅਸੀਂ ਹੱਥੀਂ ਉਜਾੜੇ ਰਾਜਿਸਥਾਨ ਦੀ ਹੋਣੀ ਭੁੱਲ ਗਏ ਹਾਂ। ਕਿਸੇ ਸਮੇਂ ਸਾਰੇ ਸਥਾਨਾਂ 'ਚੋਂ ਰਾਜ (ਸਿਰਮੌਰ) ਸਥਾਨ ਰੱਖਦਾ ਸਰਸਬਜ਼ ਇਹ ਖਿੱਤਾ ਕੁਝ ਹੀ ਦਹਿ-ਸਦੀਆਂ ਵਿੱਚ ਉਦੋਂ ਧੂੜ ਵਿੱਚ ਬਦਲ ਗਿਆ, ਜਦ ਜੰਗਲ ਰੁੱਸ ਗਏ।

ਤਾਰੀਖ ਗਵਾਹ ਹੈ ਕਿ ਜ਼ਰੂਰੀ ਵਰਤੋਂ ਉਪਰੰਤ ਕੁਦਰਤੀ ਸੋਮਿਆਂ ਦੀ ਮੁੜ-ਭਰਪਾਈ ਨਾ ਕਰਨ ਵਾਲੀ ਕਰੀਬ ਹਰ 'ਸਲਤਨਤ' ਦਾ ਅੰਤ ਮਾਰੂਥਲ ਦੇ ਜਨਮ ਨਾਲ ਹੋਇਆ। ਮੌਜੂਦਾ ਮਾਰੂਥਲ (ਰੇਗਿਸਤਾਨ) ਮੱਰਾਕੋ, ਅਲਜ਼ੀਰੀਆ ਅਤੇ ਟਿਊਨੇਸ਼ੀਆ ਕਿਸੇ ਵਕਤ ਰੋਮਨ ਸ਼ਹਿਨਸ਼ਾਹੀ ਦੇ ਪ੍ਰਸਿੱਧ ਅਨਾਜ ਖੇਤਰ ਸਨ। ਇਸੇ ਦੀ ਉਪਜ ਇਟਲੀ ਅਤੇ ਸਿਸਲੀ ਦਾ ਭੌ-ਖੋਰ ਹੈ।

ਮੈਸੋਪਟਾਮੀਆ, ਫ਼ਲਸਤੀਨ, ਸੀਰੀਆ ਅਤੇ ਅਰਬ ਦੇ ਕੁਝ ਭਾਗ-ਉਰ, ਸੁਮੇਰੀਆ, ਬੈਬੋਲੀਨ ਅਤੇ ਅਸੀਰੀਆ ਕਈ ਮਹਾਨ ਬਾਦਸ਼ਾਹੀਆਂ ਦੇ ਮਾਣ-ਮੱਤੇ ਤਖ਼ਤ ਸਨ। ਕੱਲ ਦਾ ਉਪਜਾਊ ਪਰਸ਼ੀਆ ਅੱਜ ਦਾ ਮਾਰੂਥਲ ਹੈ। ਸਿੰਕਦਰ ਦਾ ਹਰਿਆ-ਭਰਿਆ ਯੂਨਾਨ ਅੱਜ ਆਪਣੀ ਬੰਜਰ ਭੂਮੀ ਕਰਨ ਝੂਰ ਰਿਹਾ ਹੈ। ਕਿਉਂ? ਇਨ੍ਹਾਂ ਜੰਗਲਾਂ ਦੀ ਅਸਮਤ ਜੁ ਲੀਰੋ-ਲੀਰ ਕਰ ਦਿੱਤੀ ਸੀ। ਸਾਡੇ ਆਪਣੇ ਮੋਹੰਜਾਦੜੋ ਤੇ ਹੜੱਪਾ ਵਰਗੇ ਸੱਭਿਅਕ ਖਿੱਤਿਆ ਦਾ ਕੀ ਬਣਿਆ? ਜੰਗਲ ਜਰਖੇਜ਼ਤਾ, ਨਮੀ ਅਤੇ ਸਾਂਵੀ-ਵਰਖਾ ਦੇ ਬਹੁਤ ਵੱਡੇ ਵਾਹਕ ਹਨ।

'ਸ਼ਾਇਦ' ਸਾਨੂੰ ਨਹੀਂ ਪਤਾ; ਮਾਰੂਥਲਾਂ ਦੀ ਨਿੱਕੀ-ਨਿੱਕੀ ਘਾਹ ਜਾਂ ਕੰਡਿਆਲੀ ਬਨਸਪਤੀ ਵੀ ਇੱਕ ਦਿਨ ਵਿੱਚ 179 ਤੋਂ 543 ਮਿਲੀਗ੍ਰਾਮ ਨਮੀ ਛੱਡਦੀ ਹੈ, ਜੋ ਥਾਰ ਦੀ ਖੁਸ਼ਕ ਫਿਜ਼ਾ ਨੂੰ ਸਿੱਲ੍ਹਾ ਕਰਨ 'ਚ ਸਿਫ਼ਤੀ ਹਿੱਸਾ ਪਾਉਂਦੀ ਹੈ। ਇੱਕ ਵਰਗ ਕਿਲੋਮੀਟਰ ਘਣਾ ਜੰਗਲ ਸਾਲਾਨਾ ਪੰਜਾਹ ਹਜ਼ਾਰ ਘਣਮੀਟਰ ਪਾਣੀ ਧਰਤੀ 'ਚ ਭੇਜਦਾ ਹੈ। ਪ੍ਰਿਥਵੀ ਉਤਲੇ ਸਾਰੇ ਪੌਦੇ, ਭਾਵੇਂ ਉਹ ਕਿਤੇ ਵੀ ਹੋਣ, ਹਰ ਵਰ੍ਹੇ 144 ਅਰਬ ਮੀਟਰਿਕ ਟਨ ਜੀਵੀ-ਪਦਾਰਥ ਪੈਦਾ ਕਰਦੇ ਹਨ। ਇਹ ਨਮੀ ਅਤੇ ਮਲੜ੍ਹ (ਪੱਤਖਾਦ) ਬਖਸ਼ ਕੇ ਧਰਤੀ ਨੂੰ ਠੰਡਾ-ਪੋਲਾ-ਨਮ ਅਤੇ ਹੜ੍ਹ-ਰੂੜ੍ਹ ਕੇ ਦੂਰੇਡੀਆਂ ਮਿੱਟੀਆਂ ਨੂੰ ਵੀ ਜਰਖੇਜ਼ ਬਣਾਉਂਦੇ ਹਨ। ਤਾ-ਧਰਾਤਲ ਅਤੇ ਖਲਾਅ ਨੂੰ ਨਮ-ਠੰਡਕ ਬਖਸ਼ਦੇ ਹਨ, ਜ਼ਹਿਰਾਂ ਚੂਸਦੇ ਤੇ ਆਕਸੀਜਨ ਛੱਡਦੇ ਹਨ।

ਇੱਕ ਵਰਗ ਕਿਲੋਮੀਟਰ ਭਰਪੂਰ ਜੰਗਲ ਹਰ ਰੋਜ਼ 3.7 ਮੀਟਰਿਕ ਟਨ ਕਾਰਬਨ ਡਾਇਆਕਸਾਈਡ ਵਾਤਾਵਰਣ ਵਿੱਚੋਂ ਲੈ ਕੇ ਆਕਸੀਜਨ ਛੱਡ ਦਿੰਦਾ ਹੈ। ਇੱਕ ਮਨੁੱਖ ਨੂੰ ਤਾ-ਉਮਰ 16 ਭਰਪੂਰ-ਰੁੱਖਾਂ ਵਲੋਂ ਕੁੱਲ ਪੈਦਾ ਕੀਤੀ ਆਕਸੀਜਨ ਲੋੜੀਂਦੀ ਹੈ। ਇੱਕ ਭਰਪੂਰ ਦਰੱਖਤ ਸਾਲਾਨਾ 20 ਕਿਲੋ ਜ਼ਹਿਰੀਲੀ ਧੂੜ ਤੇ 80 ਕਿਲੋ ਪਾਰਾ-ਸਿੱਕਾ-ਲੀਥੀਅਮ ਨੂੰ ਹਜ਼ਮ ਕਰ ਸਕਦਾ ਹੈ ਅਤੇ ਮੋੜਵੇਂ ਰੂਪ ਵਿੱਚ 700 ਕਿਲੋ ਆਕਸੀਜਨ ਦਿੰਦਾ ਹੈ।

ਕਰੋਨਾ-ਕਾਲ ਨੇ ਬੜੀਆਂ ਦੁਸ਼ਵਾਰੀਆਂ ਦਿੱਤੀਆਂ, ਪਰ ਆਕਸੀਜਨ ਦੀ ਮਹੱਤਤਾ ਦਾ ਸਬਕ ਵੀ ਪੜ੍ਹਾਇਆ। ਲੱਗਦਾ ਨਹੀਂ, ਅਸੀਂ-ਤੁਸੀਂ ਗ੍ਰਹਿਣ ਕੀਤਾ ਹੋਵੇ, ਹਾਕਮਾਂ ਤਾਂ ਬਿੱਲਕੁਲ ਹੀ ਨਹੀਂ। ਇੱਕ ਸਿਲੰਡਰ ਵਿੱਚ 9 ਕਿਲੋ ਆਕਸੀਜਨ ਹੁੰਦੀ ਹੈ। ਮਨੁੱਖੀ ਸਰੀਰ ਨੂੰ ਰੋਜ਼ਾਨਾ ਤਿੰਨ ਸਿਲੰਡਰਾਂ ਜਿੰਨੀ ਆਕਸੀਜਨ ਦੀ ਲੋੜ ਪੈਂਦੀ ਹੈ। ਪਤਾ! ਇੱਕ ਸਿਲੰਡਰ ਆਕਸੀਜਨ ਦੀ ਕੀਮਤ 700 ਰੁਪਏ ਹੈ, ਜੋੜ ਬਣਿਆ 2100 ਰੁਪਏ ਰੋਜ਼ ਦਾ। ਭਲਾ! 65 ਸਾਲ ਦੀ ਮਨੁੱਖੀ ਔਸਤਨ ਉਮਰ ਤੱਕ ਲੋੜੀਂਦੀ ਆਕਸੀਜਨ ਦਾ ਕਿੰਨਾ ਮੁੱਲ ਬਣਿਆ? ਮੈਂ ਨਹੀਂ, ਗੁਣਾ-ਜੋੜ ਤੁਸੀਂ ਲਾਵੋਂਗੇ। ਕੀ ਰੁੱਖਾਂ ਨੇ ਕਦੇ ਮੰਗੀ ਹੈ, ਇਹ ਕੀਮਤ!

ਮਿੱਟੀ ਦੀਆਂ ਉਪਜਾਊ ਪਰਤਾਂ ਨੂੰ ਸਿਰਜਣ ਤੇ ਫਿਰ ਸੰਭਾਲਣ ਵਿੱਚ ਪੌਦਿਆਂ ਦਾ ਬੜਾ ਵੱਡਾ ਯੋਗਦਾਨ ਹੈ। ਇਹੋ ਮਿੱਟੀ ਸਾਡੀ ਖੇਤੀ ਦਾ ਆਧਾਰ ਹੈ। ਵੀਰਾਨ ਤੇ ਰੁੱਖ ਵਿਹੂਣੀ ਇਕ ਏਕੜ ਭੂਮੀ ਹਰ ਵਰ੍ਹੇ 30 ਟਨ ਮਿੱਟੀ ਗੁਆ ਬਹਿੰਦੀ ਹੈ। ਹੜ੍ਹਾਂ ਕਾਰਨ ਇਹ ਖੋਰ ਹੋਰ ਵੀ ਵੱਧ ਜਾਂਦੀ ਹੈ ਅਤੇ ਮਿੱਟੀ ਦੇ ਉਪਜਾਊ ਤੱਤ ਘੁਲ ਕੇ ਰੋੜ੍ਹ ਦਾ ਹਿੱਸਾ ਬਣ ਜਾਂਦੇ ਹਨ। ਸਿਰਫ ਬਨਸਪਤੀ ਦੀਆਂ ਜੜ੍ਹਾਂ ਹੀ ਜਾਲ ਬਣ ਕੇ ਸਾਡੀ ਮਿੱਟੀ ਨੂੰ ਖੁਰਨੋ ਅਤੇ ਪਹਾੜਾਂ ਨੂੰ ਢਹਿ-ਢੇਰੀ ਹੋਣ ਤੋਂ ਬਚਾ ਸਕਦੀਆਂ ਹਨ। ਭਾਰਤ ਅਤੇ ਪਾਕਿਸਤਾਨ ਵਿਚਲੇ ਥਾਰ ਦੀ ਦੋ ਹਜ਼ਾਰ ਵਰ੍ਹੇ ਪੁਰਾਣੀ ਦਾਸਤਾਂ ਅਤੇ ਅਜੋਕੇ ਜਲ-ਸਲਾਬ ਤੇ ਪਹਾੜਾਂ ਦਾ ਢਹਿ-ਢੇਰੀ ਹੋਣਾ ਅਸਲ ਵਿੱਚ ਮਨੁੱਖ ਦੇ ਪ੍ਰਤੀ ਗਲਤ ਵਿਹਾਰ ਦੀ ਹੀ ਵਿਥਿਆ ਹੈ।

ਦਰੱਖਤਾਂ ਦਾ ਰਕਬਾ ਘਟਣਾ ਵਾਤਾਵਰਣ ਲਈ ਬੜਾ ਘਾਤਕ ਹੈ। ਇਸ ਨਾਲ ਆਲਮੀ ਤਪਸ਼ ਹੋਰ ਵਧੇਗੀ, ਗਲੇਸ਼ੀਅਰ ਤੇਜੀ ਨਾਲ ਪਿਘਲਣ ਉਪਰੰਤ ਨਦੀਆਂ ਵਿੱਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿੱਚ ਇਹ ਸੁੱਕਣ ਲੱਗਣਗੀਆਂ। ਜੰਗਲਾਂ ਵਿੱਚੋਂ ਨਿਕਲਦੀਆਂ ਨਦੀਆਂ ਵੀ ਸਦਾ ਬਹਾਰ ਨਹੀਂ ਰਹਿਣਗੀਆਂ। ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਪ੍ਰਭਾਵਿਤ ਹੋਵੇਗੀ ਅਤੇ ਮਨੁੱਖ ਦਾ ਸਰੀਰਕ ਆਕਾਰ ਵੀ ਛੋਟਾ ਹੋਣ ਲੱਗੇਗਾ। ਸੁਣੋ! ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵੱਧ ਜਾਂਦੀ ਹੈ। ਚੈਨ ਅਤੇ ਸੁਹੱਪਣ ਅੱਡ, ਜਿਹੜਾ ਪਹਿਲਾਂ ਵਿਦੇਸ਼ੀਆਂ ਨੇ ਖੋਹਿਆ, ਹੁਣ 'ਆਪਣੇ' ਖੋਹ ਰਹੇ ਹਨ।

ਬਰਤਾਨਵੀ, ਫਰਾਂਸੀਸੀ ਅਤੇ ਡੱਚ ਸ਼ਹਿਨਸ਼ਾਹੀਆਂ ਨੇ ਆਪਣੇ ਖਿੱਤਿਆਂ ਵਿੱਚ ਤਾਂ ਰੇਗਿਸਤਾਨ ਨਹੀਂ ਸਨ ਬਣਨ ਦਿੱਤੇ, ਪਰ ਇਨ੍ਹਾਂ ਏਸ਼ੀਆ, ਅਫਰੀਕਾ, ਆਸਟ੍ਰੇਲੀਆ, ਨਿਊ ਜ਼ੀਲੈਂਡ ਅਤੇ ਉਤਰੀ ਅਮਰੀਕਾ ਦੀਆਂ ਨੌ-ਆਬਾਦੀਆਂ ਵਿੱਚ ਕੁਦਰਤੀ ਸੋਮਿਆਂ ਦਾ ਬੜਾ ਮਾਂਜਾ ਲਾਇਆ। ਕੀਨੀਆ, ਯੁਗੰਡਾ ਅਤੇ ਇਥੋਪੀਆ ਵਿੱਚ ਰੁੱਖ ਅਤੇ ਕੁਦਰਤੀ ਘਾਹ ਦੀ ਏਨੀ ਬੇਰਹਿਮੀ ਨਾਲ ਵੱਢ-ਟੁੱਕ ਕੀਤੀ ਗਈ ਕਿ ਨੀਲ ਨਦੀ ਦੇ ਸਹਿਜ ਵਹਿਣ ਨੂੰ ਵੀ ਖਤਰਾ ਪੈਦਾ ਹੋ ਗਿਆ।

ਕਦੇ ਦਜਲਾ ਅਤੇ ਫਰਾਤ ਜਿਹੀਆਂ ਨਦੀਆਂ ਨਾਲ ਸਿੰਞੇ ਜਾਣ ਵਾਲੇ ਈਰਾਕ ਅਤੇ ਅਸੀਰੀਆ, ਜੋ ਮੈਸੋਪੋਟਾਮੀਆ ਦੇ ਨਾਂ ਨਾਲ ਸਭ ਤੋਂ ਹਰੇ-ਭਰੇ ਪਰਦੇਸ ਸਨ, ਜੰਗਲਾਂ ਤੇ ਪਾਣੀ ਦੇ ਉਜਾੜੇ ਕਾਰਨ ਮਾਰੂਥਲ ਬਣੇ ਸਨ। ਇਵੇਂ ਹੀ ਅੱਯਾਸ਼ ਬੇਸਮਝੀ ਨਾਲ ਸਾਡੀਆਂ ਰਾਜਪੂਤੀ ਸ਼ਹਿਨਸ਼ਾਹੀਆਂ ਥਾਰ ਵਿੱਚ ਖਤਮ ਹੋ ਗਈਆਂ। ਅੱਜ ਰਾਜਿਸਥਾਨ ਨੂੰ ਦੁਨੀਆਂ ਦਾ ਅਤਿ ਧੂੜ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਕਈ ਰਾਜਾਂ ਅਤੇ ਕਬਾਇਲੀ ਖਿੱਤਿਆਂ ਸਮੇਤ ਇਹ ਸਥਿਤੀ ਹੁਣ ਜੰਗਲ ਰਾਖਵੇਂ ਖਿੱਤਿਆ ਵਿੱਚ ਵੀ ਪੈਦਾ ਕੀਤੀ ਜਾ ਰਹੀ ਹੈ।

'ਸ਼ਹਿਨਸ਼ਾਹੀਆਂ' ਨੇ ਅੱਜ ਕਾਰਪੋਰੇਟਸ (ਦੇਸੀ-ਵਿਦੇਸ਼ੀ ਨਵ-ਸਾਮਰਾਜਵਾਦ) ਦਾ ਰੂਪ ਧਾਰਨ ਕਰ ਲਿਆ ਹੈ, ਜੋ ਹਾਕਮ-ਜਮਾਤਾਂ ਦੇ ਕੰਧਾੜੇ ਚੜ੍ਹ, ਸਾਡੇ-ਤੁਹਾਡੇ ਬਰੂਹੀਂ ਆ ਬੈਠਾ ਹੈ। ਇਸ ਦਾ ਇੱਕ ਕੁਢਰ ਰੂਪ ਹੁਣ ਦੇ ਹਾਕਮਾਂ ਵਲੋਂ ਪਾਸ ਕੀਤੇ ਵਣ ਰੱਖਿਆ ਸੋਧ ਬਿਲ-2023 ਦੇ ਰੂਪ 'ਚ ਸਾਹਮਣੇ ਆਇਆ ਹੈ। ਹਾਕਮ-ਜਮਾਤਾਂ ਸਤਾ ਦੀ ਹਾਬੜ ਅਤੇ ਅਖੌਤੀ ਭੌਤਿਕ ਸਹੂਲਤਾਂ ਦੇ ਮਕੜ-ਜਾਲ ਤਹਿਤ ਸਾਵੇਂ ਕੁਦਰਤੀ ਪ੍ਰਬੰਧ 'ਚ ਲਗਾਤਾਰ ਬੇ-ਕਿਰਕ ਦਖਲ-ਅੰਦਾਜ਼ੀ ਕਰ ਰਹੀਆਂ ਹਨ। ਜਿਸ ਦਾ ਦੂਰ-ਪ੍ਰਭਾਵ ਮੌਸਮੀ ਵਿਗਾੜਾਂ ਅਤੇ ਲੋਕ-ਉਪਰਾਮਤਾ ਵਿੱਚ ਵੇਖਿਆ ਜਾ ਸਕਦਾ ਹੈ।



**ਇੱਕ ਭਰਪੂਰ ਦਰੱਖਤ ਸਾਲਾਨਾ 20 ਕਿਲੋ ਜ਼ਹਿਰੀਲੀ ਧੂੜ ਤੇ 80 ਕਿਲੋ ਪਾਰਾ-ਸਿੱਕਾ-ਲੀਥੀਅਮ ਨੂੰ ਹਜ਼ਮ ਕਰ ਸਕਦਾ ਹੈ ਅਤੇ ਮੋੜਵੇਂ ਰੂਪ ਵਿੱਚ 700 ਕਿਲੋ ਆਕਸੀਜਨ ਦਿੰਦਾ ਹੈ।...ਦਰੱਖਤਾਂ ਦੀ ਬੇਹੱਦ ਘਾਟ ਨਾਲ ਮਨੁੱਖੀ ਸਰੀਰ ਦੀ ਬਿਮਾਰੀਆਂ ਨਾਲ ਲੜਨ ਦੀ ਸਮਰੱਥਾ ਵੀ ਪ੍ਰਭਾਵਿਤ ਹੋਵੇਗੀ...। ਜੇ ਘਰ ਦੇ ਅਗਲ-ਬਗਲ 10 ਦਰੱਖਤ ਲੱਗੇ ਹੋਣ ਤਾਂ ਬੰਦੇ ਦੀ ਉਮਰ 7 ਸਾਲ ਵੱਧ ਜਾਂਦੀ ਹੈ।...ਦਰੱਖਤਾਂ ਦਾ ਰਕਬਾ ਘਟਣ ਨਾਲ ਆਲਮੀ ਤਪਸ਼ ਹੋਰ ਵਧੇਗੀ, ਗਲੇਸ਼ੀਅਰ ਤੇਜੀ ਨਾਲ ਪਿਘਲਣ ਉਪਰੰਤ ਨਦੀਆਂ ਵਿੱਚ ਪਹਿਲਾਂ ਭਾਰੀ ਹੜ੍ਹ ਆਉਣਗੇ, ਬਾਅਦ ਵਿੱਚ ਇਹ ਸੁੱਕਣ ਲੱਗਣਗੀਆਂ।**










'ਪੰਜਾਬੀ ਪਰਵਾਜ਼' ਵਿੱਚ ਇਸ਼ਤਿਹਾਰ ਲਗਵਾਉਣਾ ਚਾਹੁੰਦੇ ਹੋ?

ਤਾਂ ਸਾਨੂੰ ਈਮੇਲ ਕਰੋ:
punjabiparwaz@gmail.com



# Sher-E-Punjab

## Sports & Cultural Society Cincinnati (OHIO)

WE SUPPORT OUR FARMERS — NO FARMERS NO FOOD

ਜਸਦੇਵ ਗਿੱਲ ਗੋਲਾ ਅਤੇ ਬਲਬੀਰ ਬਾਠ ਬਿੱਲੂ ਦੀ ਨਿੱਘੀ ਯਾਦ ਨੂੰ ਸਮਰਪਿਤ

## Sher-E-Punjab Khed Mela XII

**September 16th, 2023**

(Saturday, 8am-6pm)

*Open Invitation To All*

**Royal Blue Event Center**

6459 Manchester Rd, Middletown, OH 45005



*In Loving Memory*



Jasdev Gill Golla



Balbir Batth Billu

Royal Blue Event Center

6459 Manchester Rd, Middletown, OH 45005

Royalblueeventcenter.com

Amrik Tiwana 513-410-4101 Gurpreet Gill 513-510-1913
Charanjit Brar 317-903-7400 Surjeet Mavi 513-616-4530

### Sports, Entertainment and a lot more

**Sports:** Athletics Games for Men, Women & Kids

Races, Three Leg Race, Shot Put, Tug of War & Other Activities. **Kids Attraction:** Inflatable Bounce Houses and Board Games and much more.

*No alcohol allowed. Drug Free Games.*

## Live Concert




### Kabaddi 1st Prize Sponsor



Devinder Singh Kahlon



Sonu Sirhind Cleveland, Ohio

### Lucky Draw

1st Prize Motorcycle
2nd Prize Laptop
*Entry fee $100*



70 YEARS Gummer Wholesale, Inc.

Brian Riethman, Ph: 937-710-3061
briethman@gummerwholesale.net

**Kabaddi Starts 10am to 4pm**
**Concert Starts @ 4pm**

### Cricket Matches Timing

Sept. 15, 2023 (8am to 6pm)

## Entry, Food & Parking Free

HACKNEY Since 1891

Khan SIGNS & AWNINGS

Tibbi Express Inc.
18 Endeavor Blvd
East Windsor, NJ 08520
Manpreet Singh (Happy Tibbi)
Phone No. (609)947-4777
Tibbi EXPRESS INC.

GEMINI JEWELERS
MANUFACTURERS & WHOLESALERS OF EXQUISITE 22K JEWELRY
4836 Business Center Way
Cincinnati, OH 45246
Showroom: 513-874-9303 Factory: 513-783-8689
www.GeminiJewelers.com

SATYA WHOLESALE
CONVENIENCE STORE CASH & CARRY

### Cricket: 1st & 2nd Prize Sponsors



Ravi Ghotra



Iqbal Singh

*(Mr. Singh Transport)*

### Volleyball: 1st & 2nd Prize Sponsor

ਸਾਡਾ ਪਿੰਡ ਇੰਡੀਆਨਾ



Rajveer & Kaajal Gill
Regal Jewels Chicago

Regal Jewels

FOR ALL YOUR REAL ESTATE NEEDS



Pooja Mehta
814.460.7036
Pooja-Mehta.com
Pooja.Mehta@e-Merge.com

Ghoman Group

Harry Ghoman
Ph: 615-416-4714
Amarbir Ghoman
Ph: 317-600-9820

The authentic INDIAN grocery store in Ohio
India Bazar
Open 7 Days
4870 Union center Pavilion Dr, West chester, Ohio
513 889 4672

HARJAS



We Help with
Commercial Real Estate
Residential Real Estate
Agricultural Land
Industrial Real Estate

Realtor
Simranjit Singh

The Malhi Reality
Making big moves, TOGETHER.

Mobile 513-900-2000
Email Realtorsingh23@realtorsingh.com
www.Realtorsingh.com

### Prizes

| Kabaddi | Shoot Volleyball | Soccer |
|---|---|---|
| 1st Prize $21,000 | 1st Prize $4100 | 1st Prize $4100 |
| 2nd Prize $19,000 | 2nd Prize $3100 | 2nd Prize $3100 |
| 3rd Prize $17,000 | **Cricket** | **Kids Game (Cash Prizes)** |
| 4th Prize $15,000 | 1st Prize $5100 | 1st Prize $100 |
| **Volleyball** | 2nd Prize $4100 | 2nd Prize $50 |
| 1st Prize $5100 | | Participant $20 |
| 2nd Prize $4100 | | |

### Event Contacts:

**Kabaddi Contact:**
Charanjit Brar 317-903-7400
Surjeet S. Mavi 513-616-4530
Amrik S. Tiwana 513-410-4101
Happy Matot 513-484-7879
Palwinder Dhillon 718-578-5372

**Volleyball Contact:**
Happy Mundi 513-816-2636
Nirpaul Sandhu 513-550-6140
Gurpreet Gill 513-510-1913

**Shoot Volleyball Contact:**
Hardeep Saran 937-545-1960
Surinder Cheema 513-324-9043

Kuldeep Deol 937-604-7317

**Cricket Contact:**
Iqbal Sabi 513-516-6527
Simranjit Malhi 513-212-1893
Narider Tatla 937-581-5005
Ravi Ghotra 917-244-2098

**Soccer Contact:**
Goldy Mundi 732-208-2216
Parmjit Garcha 228-263-2222
Aman Rawal 513-658-9415
Gurminder Sandhu 513-550-6134

LDI Develoment Group Montu Bedi 513-748-5126

Jeet Logistics, Inc. Deepu Bhatara 513-399-2021

**President of Sher-e-Punjab** | **Chairman of Sher-e-Punjab**



Charanjit Singh Brar | Amrik Singh Tiwana

## Chief Guest (Salhan Family) | Grand Sponsor (Ghoman Brothers) | Guest of Honor



Jathedar Tara Singh Salhan | Baldev Singh Salhan | Gurmit Singh Salhan | Sarabjit Singh Salhan | Harry Ghoman & Amarbir Ghoman | Harvinder Walia Founder President | Lakhbir Dhindsa

## Platinum Sponsors



Surjeet Singh Mavi | Harinder Kang | Jaswant S Jassi | Gurminder Sandhu | Palwinder Dhillon | Amarjit Aggarwal | Gurpreet Gill | Pritampaul Singh | Jaspreet Singh *Attorney At Law* | Happy Matot | Narinder Pal Tatla



Surmukh Singh Kang | Happy Mundi | Vineet Gupta | Sukhdev Singh Garcha | Gurnek Singh *Indian Fusion Restaurant* | Pamma Dhilwan | Neetu Garcha | Lakhvir Johal | Raj Sandhu | Surinder Pal | Kavita Goyal

## Diamond Sponsors



Late Bahadur Singh Mundi | Surinder Cheema | Simranjit Malhi | Gurmail Singh Fagura | Pushpinder Bhatti | Onkar Singh Jalalpur | Jas *(Amber India)* | Manpreet *(Happy Tibbi)* | Dharminder Singh | Sukhminder Billu Pandher | Palwinder Gill | Inderjit Begowal | Parampal Singh Nangal | Balbir Grewal | Sunny Klair | Kuldeep Whiskey | Hardeep Tiwana

## Gold Sponsors



*Dalbir Gill | Agyapal Singh Batth | Dr. Kalyan Singh | Rajesh Rawal | Jatinder Bhatti | Nippy Tiwana | Makhan Badesha | Malkit S. Uppal | Prithpal Ghotra | Pal Khalil | Nater Bhangu | Kuldeep Deol | Sukha Mundi | Madan Kailey & Harbhajan Samra | Gurjinder Mundi | Hardip Nijjar | Jivan Waraich | Sehaj Sidhu*



*Rajan Sehdev (Raj) | Lakhvir Singh | Sam Moreb | Satwant Deol | Jagir Singh | Gurbir Dharni | Mandeep Kang | Gurdeep Sidhu | Paramjit Dhillon | Cherry Tiwana | Kurban Singh | SP Singh | Gursimer Singh | Tarlochan Nagra | Nirmal Tother | Parmar Brothers Village Baddon | Parminder 5911 | Sarbjit Singh*

## Guests



*Amarjit Dhindsa | Didar Dhanoa | Gurwinder Babbu | Sarbjit Sidhu | Rimpy Khatra | Dharminder Khatra | Kuldip Lang | Gurmit Batth | Mandip Bhura | Nidhan Matot | Darshan Darar | Varinder Sahi | Happy Heer | Harjinder Khaira | Jaskarn Dhaliwal*



*Parwinder Aujla | Ranjit Kalhon | Babbi Mianni | Rajan Sidhu | Vikas Madam | Pappi Badasha | Jagir Sabji Mandi | Amandeep Ubhi Edmonton | Channa Shergill Edminton | Kuldeep Wraich | Happy Raj | Jass Thandi | Deepa Gakha | Kamal Gakhal | Manveer Gakhal | Neetan Malhotra | Lovepreet Dhillon*

**For More Information, Please contact at: Sherepunjabsociety@gmail.com**
**Charanjit S. Brar Ph: 317-903-7400 or Surjeet S. Mavi Ph: 513-616-4530**



# ਕੀੜੀ/ਕੀੜਾ

## ਸ਼ਬਦੋ ਵਣਜਾਰਿਓ



ਪਰਮਜੀਤ ਢੀਂਗਰਾ
ਫੋਨ: +91-9417358120

ਸਾਡੇ ਨੇੜਲੇ ਜੀਵਾਂ ਵਿੱਚ ਕੀੜੀ/ਕੀੜਾ/ਕਾਢਾ ਪ੍ਰਮੁੱਖ ਜੀਵ ਹਨ। ਇਨ੍ਹਾਂ ਨਾਲ ਮਨੁੱਖ ਦਾ ਬੜਾ ਨੇੜਲਾ ਸਬੰਧ ਹੈ। ਕਿਸੇ ਚੀਜ਼ ਦੇ ਬਹੁਤ ਛੋਟੇ ਜਿਹੇ ਆਕਾਰ ਨਾਲ ਤੁਲਨਾ ਕਰਨ ਵੇਲੇ ਕਿਹਾ ਜਾਂਦਾ ਹੈ, 'ਕੀੜੀ ਜਿੰਨਾ।' ਸੁਸਤ ਚਾਲ ਨਾਲ ਵੀ ਕੀੜੀ ਦੀ ਤੋਰ ਨੂੰ ਤੁਲਨਾਇਆ ਜਾਂਦਾ ਹੈ। ਕੀੜੀ ਜਾਂ ਕੀੜੇ ਵਾਂਗ ਮਸਲ ਦੇਣ ਦੀ ਉਕਤੀ ਵੀ ਮਸ਼ਹੂਰ ਹੈ। ਪੰਜਾਬੀ ਕੋਸ਼ਾਂ ਅਨੁਸਾਰ ਕੀੜੀ ਦਾ ਅਰਥ ਹੈ- *ਸੰ. ਕੀਟ ਜਾਂ ਕੀੜਾ। ਕੀੜੀ ਕਾਢਾ ਅਤੇ ਕੀੜ ਕੜਾਂਗਾ- ਬੱਚਿਆਂ ਦੀਆਂ ਖੇਡਾਂ, ਜੋ ਛੂਹਣ-ਛੁਹਾਣ ਦੀਆਂ ਖੇਡਾਂ ਵਿੱਚ ਆਉਂਦੀਆਂ ਹਨ। ਕੀੜੀ ਮਾਰ- ਕਿਰਮ ਨਾਸ਼ਕ ਇੱਕ ਬੂਟੀ, ਜੋ ਪਿੰਡੇ ਨੂੰ ਚੰਬੜਨ ਵਾਲੇ ਕੀੜੇ ਮਾਰ ਦਿੰਦੀ ਹੈ। ਕੱਕੀ ਕੀੜੀ, ਭੂਰੀ ਕੀੜੀ- ਕੀੜੀ ਦੀ ਇੱਕ ਕਿਸਮ, ਜਿਸ ਦਾ ਰੰਗ ਭੂਰਾ ਹੁੰਦਾ ਹੈ, ਇਹ ਕਾਲੀ ਕੀੜੀ ਨਾਲੋਂ ਛੋਟੀ ਪਰ ਵਧੇਰੇ ਜ਼ਹਿਰੀਲੀ ਹੁੰਦੀ ਹੈ। ਕਾਲੀ ਕੀੜੀ- ਕੀੜੀ ਦੀ ਇੱਕ ਹੋਰ ਕਿਸਮ, ਜਿਸ ਦਾ ਰੰਗ ਕਾਲਾ ਹੁੰਦਾ ਹੈ ਤੇ ਇਹ ਭੂਰੀ ਕੀੜੀ ਨਾਲੋਂ ਵੱਡੀ ਤੇ ਜ਼ਹਿਰੀਲੀ ਹੁੰਦੀ ਹੈ। ਰੋਂਦੇ ਬੱਚੇ ਨੂੰ ਚੁੱਪ ਕਰਾਉਣ ਲਈ ਕੀੜੀ ਦਾ ਆਟਾ ਡੁੱਲ੍ਹਣ ਦੀ ਉਕਤੀ ਵਰਤੀ ਜਾਂਦੀ ਹੈ। ਇਸ ਨਾਲ ਜੁੜੇ ਕਈ ਮੁਹਾਵਰੇ ਤੇ ਅਖਾਣ ਵੀ ਮਿਲਦੇ ਹਨ- ਕੀੜੀ ਦੇ ਖੰਭ ਨਿਕਲ ਆਉਣਾ, ਕੀੜੀ ਦੀ ਮੌਤ ਆਉਂਦੀ ਹੈ ਤਾਂ ਉਹਨੂੰ ਖੰਭ ਨਿਕਲ ਆਉਂਦੇ ਹਨ, ਕੀੜੀ ਨੂੰ ਮੂਤਰ ਦਾ ਹੀ ਹੜ੍ਹ ਬੜਾ। "ਸ੍ਰੀ ਗੁਰੂ ਗ੍ਰੰਥ ਸਾਹਿਬ-ਜੀਵ ਜੰਤੂ ਪੌਦਾ ਕੋਸ਼" ਅਨੁਸਾਰ ਗੁਰੂ ਗ੍ਰੰਥ ਸਾਹਿਬ ਵਿੱਚ ਕੀੜੀ ਤੋਂ ਇਲਾਵਾ ਇਹਦੇ ਲਈ ਕੀਟ, ਕੀੜਾ, ਕੀਰੀ, ਕਿਰਮ, ਕੀਰਾ, ਪਪੀਲਕਾ, ਕਿਰਮਾਇਣਾ ਤੇ ਕਿਰਮ ਵਰਗੇ ਸ਼ਬਦ ਵਰਤੇ ਹਨ; ਇਹ ਅਸਲ ਵਿੱਚ ਕੀਟ ਜਗਤ ਨਾਲ ਸਬੰਧਤ ਜੀਵਾਂ ਦੀ ਇੱਕ ਲੜੀ ਹੈ। ਗੁਰਬਾਣੀ ਵਿੱਚ ਇਨ੍ਹਾਂ ਦੀ ਵਰਤੋ ਦੇਖੀ ਜਾ ਸਕਦੀ ਹੈ:

ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ॥
ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਨ ਵੀਸਰਹਿ॥
ਵਿਸਟਾ ਕੇ ਕੀੜੇ ਪਵਹਿ ਵਿਚਿ ਵਿਸਟਾ ਸੇ ਵਿਸਟਾ ਮਾਹਿ ਸਮਾਇ॥
ਹਮ ਕੀਰੇ ਕਿਰਮ ਸਤਿਗੁਰ ਸਰਣਾਈ ਕਰਿ ਦਇਆ ਨਾਮੁ ਪ੍ਰਗਾਸਿ॥
ਕਹਤ ਕਬੀਰ ਸੁਨਹੁ ਰੇ ਸੰਤਹੁ ਕੀਟੀ ਪਰਬਤੁ ਖਾਇਆ॥

ਨਵੇਂ ਮਹਾਨ ਕੋਸ਼ ਵਿੱਚ ਇਹਦੇ ਅਰਥ- ਕੀੜਾ/ਕੀੜੀ-ਕੀਟ, ਜਰਮ, ਕੀੜੀ, ਮਕੌੜਾ, ਸਿਉਂਕ, ਦੀਮਕ, ਅਦਨਾ, ਤੁੱਛ ਆਦਿ ਕੀਤੇ ਹਨ।

ਕੀੜੀ-ਅਫਗਾਨਾ ਗੁਰਦਾਸਪੁਰ ਜ਼ਿਲ੍ਹੇ ਦਾ ਇੱਕ ਛੋਟਾ ਜਿਹਾ ਪਠਾਣੀ ਪਿੰਡ। ਕੀੜਗਰਾਮ ਇੱਕ ਪ੍ਰਾਚੀਨ ਨਗਰ, ਜਿਸ ਦਾ ਜ਼ਿਕਰ ਜਨਮ ਸਾਖੀਆਂ ਵਿੱਚ ਮਿਲਦਾ ਹੈ। ਲੋਕਧਾਰਾ ਵਿੱਚ ਹਿੰਦੂ ਵਰਣਾਂ ਵਾਂਗ ਕੀੜੀਆਂ ਦੀਆਂ ਚਾਰ ਜਾਤਾਂ ਮੰਨੀਆਂ ਜਾਂਦੀਆਂ ਹਨ- ਲਾਲ ਕੀੜੀਆਂ ਬ੍ਰਾਹਮਣ ਜਾਤੀ ਦੀਆਂ, ਭੂਰੀਆਂ ਵੈਸ਼ ਜਾਤੀ ਦੀਆਂ, ਚਿੱਟੀਆਂ ਖਤਰੀ ਜਾਤੀ ਦੀਆਂ ਤੇ ਕਾਲੀਆਂ ਚਮਾਰ ਜਾਤੀ ਦੀਆਂ। ਕੀੜੀਆਂ ਨੂੰ ਤਿਲਚੌਲੀ ਪਾਉਣੀ ਬੜਾ ਪੁੰਨ ਦਾ ਕਰਮ ਮੰਨਿਆ ਜਾਂਦਾ ਹੈ। ਹਿੰਦੂ ਤੇ ਖਾਸ ਕਰਕੇ ਜੈਨੀ ਖਾਸ ਖਾਸ ਦਿਨ ਤਿਉਹਾਰਾਂ 'ਤੇ ਕੀੜੀਆਂ ਦੇ ਭੌਣਾਂ 'ਤੇ ਤਿਲਚੌਲੀ ਬਿਖੇਰਦੇ ਹਨ। ਇਹ ਧਾਰਨਾ ਹੈ ਕਿ ਇਹ ਸਭ ਵਸਤੂਆਂ ਉਨ੍ਹਾਂ ਦੇ ਪਿੱਤਰਾਂ ਨੂੰ ਪਹੁੰਚਦੀਆਂ ਹਨ। ਜਿੰਨਾ ਕਿਸੇ ਅੰਨ ਦੇ ਨਾਲ ਕੀੜੀਆਂ ਆਪਣਾ ਭੰਡਾਰ ਭਰਦੀਆਂ ਹਨ, ਓਨਾ ਉਨ੍ਹਾਂ ਦੇ ਪਿੱਤਰਾਂ ਦਾ ਭੰਡਾਰ ਭਰਦਾ ਹੈ। ਕੀੜੀਆਂ ਦੀਆਂ ਖੁੱਡਾਂ ਤੋੜਨਾ ਜਾਂ ਉਨ੍ਹਾਂ ਨੂੰ ਭਰਨਾ ਮਹਾਂ ਪਾਪ ਮੰਨਿਆ ਜਾਂਦਾ ਹੈ। ਕੀੜੀਆਂ ਦਾ ਭੌਣ ਟੱਪਿਆ ਨਹੀਂ ਜਾਂਦਾ ਤਾਂ ਜੋ ਉਹ ਮਿੱਧੀਆਂ ਨਾ ਜਾਣ।

ਕੀੜੀਆਂ ਬਾਰੇ ਕਈ ਲੋਕ ਕਥਾਵਾਂ ਵੀ ਮਿਲਦੀਆਂ ਹਨ। ਪੁਰਾਤਨ ਜਨਮ ਸਾਖੀ ਦੀ ਇੱਕ ਸਾਖੀ ਅਨੁਸਾਰ ਕੀੜੀਆਂ ਦੇ ਇੱਕ ਲਸ਼ਕਰ ਨੇ ਬਾਦਸ਼ਾਹ ਦੀ ਸਾਰੀ ਫੌਜ ਤਬਾਹ ਕਰ ਦਿੱਤੀ ਸੀ। ਕੀੜਾ, ਕੀੜੀ ਦਾ ਪੁਲਿੰਗ। ਪੰਜਾਬੀ ਕੋਸ਼ਾਂ ਅਨੁਸਾਰ-ਜਾਨਵਰਾਂ ਦੀ ਚੌਥੀ ਸ਼੍ਰੇਣੀ, ਉਹ ਜੀਵ ਜੋ ਘਿਸੜ ਕੇ ਚਲਦੇ ਹਨ- ਕੀੜਾ ਥਾਪਿ ਦੇਇ ਪਾਤਸਾਹੀ॥ ਇਸ ਨਾਲ ਜੁੜੇ ਸ਼ਬਦ ਜਿਵੇਂ ਕੀੜਾ ਜਿਹਾ, ਕੀਟ ਪਤੰਗਾ, ਕੀੜਾ ਲੱਗਣਾ, ਕੀੜੇ ਪੈਣ (ਦੁਰ ਅਸੀਸ), ਕੀੜੇ ਮਕੌੜੇ, ਮੈਲੇ ਦਾ ਕੀੜਾ, ਕੀੜੇ ਪਾਉਣਾ, ਕੀੜੇ ਕੱਢਣਾ; ਇਸ ਨਾਲ ਜੁੜੇ ਕਈ ਮੁਹਾਵਰੇ ਵੀ ਮਿਲਦੇ ਹਨ- ਕੀੜਾ ਸੁੰਘ ਜਾਣਾ, ਕੀੜਾ ਛੂਹ ਜਾਣਾ, ਕੀੜਿਆਂ ਤੋਂ ਘੀ ਸੁੱਕਣਾ, ਕੀੜਿਆਂ ਦੇ ਭੌਣ 'ਤੇ ਬਿਠਾਉਣਾ ਆਦਿ। ਕੀੜੇ ਦਾ ਸਗੋਤੀ ਕੀਟ ਹੈ। ਇਸ ਤੋਂ ਕਈ ਸ਼ਬਦ ਬਣੇ ਹਨ, ਜਿਵੇਂ ਕੀਟ ਪਖਾਣੀ- ਪੱਥਰ ਦਾ ਕੀੜਾ; ਕੀਟ ਵਿਗਿਆਨ (Entomology), ਕੀਟ ਵਿਗਿਆਨੀ, ਕੀਟੀ, ਕਿਟਾਣੂ (ਬੈਕਟੀਰੀਆ), ਕੀੜੀ ਨੂੰ ਸੰਸਕ੍ਰਿਤ ਵਿੱਚ ਚੀਂਟੀ ਕਿਹਾ ਜਾਂਦਾ ਹੈ। ਇਹਦੀ ਵਿਓਤਪਤੀ ਸੰਸਕ੍ਰਿਤ ਦੀ 'ਚੁੰਟ੍' ਧਾਤੂ ਤੋਂ ਹੋਈ ਹੈ। ਚੁੰਟ੍ ਧਾਤੂ ਦਾ ਅਰਥ ਹੈ- ਖਿੱਚਣਾ, ਸਤਾਉਣਾ, ਕਸ਼ਟ ਦੇਣਾ, ਦਬਾਉਣਾ, ਨੋਚਣਾ, ਖੁਰਚਣਾ, ਖਰੋਚਣਾ ਆਦਿ। ਚੁੰਟਿਕਾ ਤੋਂ ਚੀਂਟੀ ਸ਼ਬਦ ਬਣਿਆ ਹੈ। ਕੀੜੀ ਜਾਂ ਚੀਂਟੀ ਦਾ ਅਗਲਾ ਹਿੱਸਾ ਸੂਈ ਦੀ ਨੋਕ ਵਾਂਗ ਤਿੱਖਾ ਹੁੰਦਾ ਹੈ, ਜਿਸ ਨੂੰ ਚੁਭੋ ਕੇ ਉਹ ਪੌਦਿਆਂ, ਜੀਵਾਂ ਤੇ ਖਾਣ ਵਾਲੀਆਂ ਵਸਤਾਂ ਵਿਚੋਂ ਆਪਣਾ ਹਿੱਸਾ ਪ੍ਰਾਪਤ ਕਰਦੀ ਹੈ। ਇਸੇ ਚੁਭਣ ਕਰਕੇ ਅਸੀਂ ਕਹਿੰਦੇ ਹਾਂ ਕਿ ਕੀੜੀ ਲੜ ਗਈ। ਜਦੋਂ ਅਸੀਂ ਸਰੀਰ ਨੂੰ ਦੇਰ ਤੱਕ ਇੱਕ ਪਾਸੇ ਰੱਖੀ ਰੱਖਦੇ ਹਾਂ ਤੇ ਪਾਸਾ ਬਦਲਣ ਵੇਲੇ ਲੱਗਦਾ ਹੈ ਜਿਵੇਂ ਕੀੜੀਆਂ ਰੀਂਗ ਰਹੀਆਂ ਹੋਣ ਜਾਂ ਸੂਈਆਂ ਚੁਭ ਰਹੀਆਂ ਹੋਣ। ਕਾਰਨ ਹੁੰਦਾ ਹੈ ਕਿ ਖੂਨ ਦਾ ਦੌਰਾ ਘਟਣ ਨਾਲ ਸੰਵੇਦਨਾ ਘੱਟ ਜਾਂਦੀ ਹੈ। ਕੀੜੀ ਜਾਂ ਚੀਂਟੀ ਦੇ ਲੜਨ ਦਾ ਅੰਦਾਜ਼ ਚਿਮਟੀ ਜਾਂ ਚੂੰਢੀ ਵੱਢਣ ਵਰਗਾ ਹੁੰਦਾ ਹੈ।

ਚਿਕੋਟੀ, ਚੁੰਮਟੀ ਸ਼ਬਦਾਂ ਦੀ ਵਿਓਤਪਤੀ ਵੀ ਚੁੰਟ੍ ਤੋਂ ਹੀ ਹੋਈ ਹੈ। ਲੋਹੇ ਦੀਆਂ ਦੋ ਮਜਬੂਤ ਪੱਤੀਆਂ ਵਾਲਾ ਇੱਕ ਸੰਦ ਰਸੋਈ ਵਿੱਚ ਆਮ ਹੁੰਦਾ ਹੈ, ਜਿਸ ਨੂੰ ਚਿਮਟਾ ਕਿਹਾ ਜਾਂਦਾ ਹੈ। ਦੰਦਾਂ ਵਾਲੇ ਡਾਕਟਰਾਂ ਜਾਂ ਸੁਨਿਆਰਿਆਂ ਕੋਲ ਚਿਮਟੀ ਵੀ ਹੁੰਦੀ ਹੈ। ਕਾਰ ਦੇ ਥੱਲੇ ਵੀ ਚਿਮਟਾ ਲੱਗਿਆ ਹੁੰਦਾ ਹੈ। ਚਿਮਟਾ ਇੱਕ ਪ੍ਰਸਿੱਧ ਪੰਜਾਬੀ ਲੋਕ ਸਾਜ ਵੀ ਹੈ। ਚਿਮਟਾ ਵਜਾਉਣਾ ਮੁਹਾਵਰਾ ਵੀ ਹੈ। ਲੋਕ ਗੀਤ ਗਾਉਣ ਵਾਲਿਆਂ, ਫਕੀਰਾਂ, ਸੂਫੀਆਂ, ਪੀਰਾਂ ਦਾ ਇਹ ਪਸੰਦੀਦਾ ਸਾਜ ਹੈ। ਚੋਟ ਸ਼ਬਦ ਦੀ ਵੀ ਇਸ ਚੁੰਟ੍ ਨਾਲ ਸਕੀਰੀ ਹੈ। ਚੁੰਟ੍ ਵਿੱਚ ਨੋਚਣ ਖਰੋਚਣ ਦੇ ਭਾਵ ਹਨ, ਜਦਕਿ ਚੋਟ ਦਾ ਭਾਵ ਨੁਕਸਾਨ ਪਹੁੰਚਣਾ, ਕਸ਼ਟ ਹੋਣਾ ਆਦਿ ਹੈ। ਚੋਟ ਤੋਂ ਚੋਟਿਲ ਸ਼ਬਦ ਬਣਿਆ, ਜਿਸ ਦਾ ਅਰਥ ਹੈ- ਜ਼ਖਮੀ ਹੋਣਾ।

ਕਈ ਭਾਰਤੀ ਭਾਸ਼ਾਵਾਂ ਜਿਵੇਂ ਮਰਾਠੀ ਆਦਿ ਵਿੱਚ ਚੀਂਟਾ-ਚੀਂਟੀ ਨੂੰ ਮੁੰਗਾ-ਮੁੰਗੀ ਜਾਂ ਮੁੰਗਲਾ-ਮੁੰਗਲੀ ਕਿਹਾ ਜਾਂਦਾ ਹੈ। ਮੁੰਗਾ ਜਾਂ ਮੁੰਗੀ ਸ਼ਬਦ ਦਰਾਵੜੀ ਮੂਲ ਦਾ ਹੈ। ਦੱਖਣੀ ਯੂਰਪ ਦੇ ਮੈਡੀਟਰੇਨਿਅਨ ਇਲਾਕੇ ਦੀਆਂ ਜ਼ਿਆਦਾਤਰ ਭਾਸ਼ਾਵਾਂ ਵਿੱਚ ਕੀੜੀ ਜਾਂ ਚੀਂਟੀ ਲਈ ਫੌਰਮਿਕਾ (Formica) ਸ਼ਬਦ ਜਾਂ ਇਹਦੇ ਨਾਲ ਮਿਲਦਾ-ਜੁਲਦਾ ਫ੍ਰੈਂਚ-ਫੌਮੀ, ਸਪੈਨਿਸ਼-ਫਰੌਮਿਗਾ, ਕੋਰਸੀਕਨ-ਫੁਰਮੀਕੁਲਾ ਆਦਿ ਵਰਤੇ ਜਾਂਦੇ ਹਨ। ਹੋ ਸਕਦਾ ਹੈ, ਲਾਲ ਜਾਂ ਭੂਰੀਆਂ ਕੀੜੀਆਂ ਲਈ ਕਿਸੇ ਸਮੇਂ ਇਹ ਸ਼ਬਦ ਵਰਤਿਆ ਜਾਂਦਾ ਹੋਵੇ। ਕਿਹਾ ਜਾਂਦਾ ਹੈ ਕਿ ਛੋਟੀ ਜਿਹੀ ਕੀੜੀ ਹਾਥੀ ਨੂੰ ਪਛਾੜ ਸਕਦੀ ਹੈ। ਸੰਸਕ੍ਰਿਤ ਵਿੱਚ ਹਾਥੀ ਤੇ ਕੀੜੀ ਦੀ ਨਾ ਸਿਰਫ਼ ਰਾਸ਼ੀ ਇੱਕ ਹੈ, ਸਗੋਂ ਦੋਵਾਂ ਦੇ ਨਾਂ ਵੀ ਇੱਕ ਹੀ ਮੂਲ ਤੋਂ ਜਨਮੇ ਹਨ। ਸੰਸਕ੍ਰਿਤ ਵਿੱਚ ਕੀੜੀ ਜਾਂ ਚੀਂਟੀ ਨੂੰ ਪਿਪੀਲ:, ਅਥਵਾ ਪਿਪੀਲੀ ਵੀ ਕਿਹਾ ਜਾਂਦਾ ਹੈ। ਇਹ ਬਣੇ ਹਨ ਸੰਸਕ੍ਰਿਤ ਦੀ ਪੀਲ੍ ਧਾਤੂ ਤੋਂ, ਜਿਸ ਵਿੱਚ ਸੂਖਮਤਾ, ਲਘੂ ਦੇ ਭਾਵ ਪਏ ਹਨ। ਇਹਦਾ ਇੱਕ ਅਰਥ ਅਣੂ ਜਾਂ ਸਮੂਹ ਵੀ ਕੀਤਾ ਜਾਂਦਾ ਹੈ। ਸ੍ਰਿਸ਼ਟੀ ਅਣੂਆਂ ਦਾ ਸਮੂਹ ਹੈ। ਕੀੜੀ ਅਥਵਾ ਚੀਂਟੀ ਥਲਚਰਾਂ ਵਿੱਚੋਂ ਸੂਖਮ ਜੀਵ ਹੈ। ਕੀੜੇ ਅਥਵਾ ਚੀਂਟੇ ਲਈ ਸੰਸਕ੍ਰਿਤ ਵਿੱਚ ਪਿਪੀਲਕ:, ਪਿਲੁਕ: ਵਰਗੇ ਸ਼ਬਦ ਮਿਲਦੇ ਹਨ। ਬੰਗਲਾਦੇਸ਼ ਤੇ ਬੰਗਾਲ ਵਿੱਚ ਕੀੜੀ ਲਈ ਪਿਪੀਲਕਾ ਸ਼ਬਦ ਮਿਲਦਾ ਹੈ। ਸ਼ਤਰੰਜ ਦੀ ਖੇਡ ਵਿੱਚ ਮੋਹਰਿਆਂ ਦੇ ਨਾਂਵਾਂ ਵਿੱਚ ਫੀਲ: ਜਾਂ ਫੀਲੇ ਮਿਲਦੇ ਹਨ। ਇਹ ਫਾਰਸੀ ਦਾ ਸ਼ਬਦ ਹੈ, ਜੋ ਅਵੇਸਤਾ ਦੇ ਪਿਲੂ: ਤੋਂ ਬਣਿਆ ਹੈ। ਸੰਸਕ੍ਰਿਤ ਵਿੱਚ ਵੀ ਇਹੀ ਰੂਪ ਹੈ। ਇਸ ਵਿੱਚ ਅਣੂ, ਕੀਟ, ਹਾਥੀ, ਫੁੱਲ, ਤਾੜ ਦੇ ਰੁੱਖਾਂ ਦੇ ਝੁੰਡ ਆਦਿ ਦੇ ਭਾਵ ਮਿਲਦੇ ਹਨ। ਫਾਇਲੇਰੀਆ ਇੱਕ ਘਾਤਕ ਰੋਗ ਹੈ, ਜਿਸ ਵਿੱਚ ਪੈਰ ਸੁਜ ਕੇ ਸਖਤ ਹੋ ਜਾਂਦੇ ਹਨ। ਇਸ ਰੋਗ ਦਾ ਆਮ ਪ੍ਰਚਲਤ ਨਾਂ ਫੀਲ ਪਾਂਵ ਹੈ, ਜਿਸ ਵਿੱਚ ਹਾਥੀ ਦੇ ਪੈਰ ਝਲਕਦੇ ਹਨ। ਮਹਾਵਤ ਲਈ ਫੀਲਵਾਨ ਸ਼ਬਦ ਦੀ ਵੀ ਇਸ ਨਾਲ ਸਕੀਰੀ ਹੈ। ਇਸ ਤਰ੍ਹਾਂ ਕੀੜੀ ਵਰਗੇ ਛੋਟੇ ਜਿਹੇ ਜੀਵ ਦੇ ਨਾਂ ਨਾਲ ਗੂੜ੍ਹੇ ਤੇ ਸੂਖਮ ਅਰਥਾਂ ਵਾਲੇ ਘੇਰੇ ਜੁੜੇ ਹੋਏ ਹਨ।

---

* **ਸੰ. (ਸੰਸਕ੍ਰਿਤ)**

## ਸਾਇੰਸ ਫਰਿਕਸ਼ਨ

ਮਹਿੰਦਰਪਾਲ ਸਿੰਘ ਬਰਾੜ

# ਦੁਨੀਆ ਚੰਦ 'ਤੇ ਜਾਣ ਵੱਲ ਕਿਉਂ ਆਕਰਸ਼ਿਤ ਹੈ?

ਭਾਰਤ ਦਾ ਇਹ ਤੀਜਾ ਚੰਦ ਮਿਸ਼ਨ ਸੀ, ਜੋ ਕਾਮਯਾਬ ਰਹਿਆ, ਪਰ ਬਹੁਤ ਸਵਾਲ ਹੁੰਦੇ ਹਨ ਕਿ ਚੰਦ 'ਤੇ ਐਨਾ ਪੈਸਾ ਲਾਉਣ ਜਾਂ ਖੋਜ ਕਰਨ ਦੀ ਕੀ ਲੋੜ ਹੈ? ਕੀ ਹੈ ਅਜਿਹਾ ਚੰਦ ਉੱਪਰ?

ਅਸਲ ਵਿੱਚ ਦੁਨੀਆ ਪ੍ਰਦੂਸ਼ਣ ਤੋਂ ਦੂਰ ਭੱਜਣ ਦੀ ਕੋਸ਼ਿਸ਼ ਕਰ ਰਹੀ ਹੈ। ਚੰਦ ਉਪਰ 10 ਲੱਖ ਟਨ ਹੀਲੀਅਮ-3 ਭਰੀ ਪਈ ਹੈ, ਜੋ ਧਰਤੀ ਉੱਪਰ ਨਾਂਹ ਦੇ ਬਰਾਬਰ ਹੈ। ਹੀਲੀਅਮ-3 ਇੱਕ ਅਜਿਹੀ ਗੈਸ ਹੈ, ਜੋ ਯੂਰੇਨੀਅਮ ਅਤੇ ਪਲੁਟੋਨੀਅਮ ਦਾ ਇੱਕ ਪ੍ਰਦੂਸ਼ਣ ਫਰੀ ਬਦਲ ਹੈ। ਦੁਨੀਆ ਵਿੱਚ ਕੋਲੇ ਵਾਲੇ ਬਿਜਲੀ ਘਰਾਂ ਨੂੰ ਬੰਦ ਕਰਕੇ ਪਰਮਾਣੂ ਰੀਐਕਟਰ ਬੇਸ ਬਿਜਲੀ ਘਰਾਂ ਦੇ ਨਿਰਮਾਣ ਦੀ ਗੱਲ ਹੋ ਰਹੀ ਹੈ, ਜਿਸ ਵਿੱਚ ਪੈਰਿਸ ਕਲਾਈਮੇਟ ਐਕਾਰਡ ਵੀ ਸ਼ਾਮਿਲ ਹੈ ਕਿ ਕਾਰਬਨ ਡਾਈਆਕਸਾਈਡ ਅਤੇ ਕਲੋਰੋਫਲੋਰੋ ਕਾਰਬਨ ਨੂੰ ਹਵਾ ਵਿੱਚ ਛੱਡਣ ਵਾਲੀ ਇੰਡਸਟਰੀ, ਬਿਜਲੀ ਘਰ ਅਤੇ ਵ੍ਹੀਕਲ 2050 ਤਕ ਧਰਤੀ ਤੋਂ ਖਤਮ ਕਰੋ ਨਹੀਂ ਤਾਂ ਧਰਤੀ ਦੀ ਓਜ਼ੋਨ ਪਰਤ, ਜੋ ਸੂਰਜ ਦੀਆਂ ਪਰਾਵੈਂਗਣੀ ਕਿਰਨਾਂ ਤੋਂ ਸਾਨੂੰ ਬਚਾਉਂਦੀ ਹੈ, ਉਹ ਇਸ ਸਦੀ ਦੇ ਅੰਤ ਤਕ ਖਤਮ ਹੋ ਜਾਵੇਗੀ ਤੇ ਧਰਤੀ ਉੱਤੇ ਜੀਵਨ ਵੀ ਖਤਮ ਹੋਣ ਵੱਲ ਵਧ ਜਾਵੇਗਾ।

ਪਰਮਾਣੂ ਬਿਜਲੀ ਘਰਾਂ ਵਿੱਚ ਯੂਰੇਨੀਅਮ ਨੂੰ ਬਾਲਣ ਦੇ ਤੌਰ 'ਤੇ ਵਰਤਿਆ ਜਾਂਦਾ ਹੈ, ਜੋ ਕਈ ਸਾਲਾਂ ਤੱਕ ਇੱਕ ਬਿਜਲੀ ਘਰ ਨੂੰ ਚਲਦਾ ਰੱਖ ਸਕਦਾ ਹੈ, ਪਰ ਇਸ ਦੀਆਂ ਦੋ ਵੱਡੀਆ ਸਮੱਸਿਆਵਾਂ ਹਨ: ਪਹਿਲੀ ਸਮੱਸਿਆ, ਇਹ ਧਰਤੀ ਉੱਪਰ ਬਹੁਤ ਥੋੜ੍ਹਾ ਹੈ ਅਤੇ ਜਿੱਥੇ ਹੈ, ਇਸ ਨੂੰ ਕਸ਼ੀਦਣਾ ਤੇ ਬਾਲਣ ਲਾਇਕ ਬਣਾਉਣਾ ਬਹੁਤ ਖਰਚੀਲਾ ਹੈ, ਜਿਸ ਨਾਲੋਂ ਕੋਲਾ ਸਸਤਾ ਪੈਂਦਾ ਹੈ। ਦੂਜਾ, ਜਦ ਇਹ ਵਰਤੇ ਜਾਣ ਪਿੱਛੋਂ ਇੱਕ ਕੂੜਾ ਬਣ ਜਾਂਦਾ ਹੈ ਤਾਂ ਇਹ ਕੂੜਾ ਕਈ ਦਹਾਕਿਆਂ ਤੱਕ ਰੇਡੀਓ ਐਕਟਿਵ ਰਹਿੰਦਾ ਹੈ, ਜਿਸ ਨਾਲ ਇਸ ਨੂੰ ਟਿਕਾਣੇ ਲਾਉਣਾ ਫਿਰ ਤੋਂ ਬਹੁਤ ਮਹਿੰਗਾ ਪੈਂਦਾ ਹੈ।

ਦੂਜੇ ਪਾਸੇ ਹੀਲੀਅਮ ਵੀ ਇੱਕ ਪਰਮਾਣੂ ਬਾਲਣ ਹੈ, ਜਿਸ ਦੀ ਮਾਤਰਾ ਪਰਮਾਣੂ ਰੀਐਕਟਰ ਲਈ ਯੂਰੇਨੀਅਮ ਤੋਂ ਬਹੁਤ ਘੱਟ ਲੋੜੀਂਦੀ ਹੈ ਅਤੇ ਕੂੜਾ ਜਾਂ ਵੇਸਟ ਬਣਨ ਤੋਂ ਬਾਅਦ ਇਹ ਰੇਡੀਓ ਐਕਟਿਵ ਨਹੀਂ ਹੁੰਦਾ, ਪਰ ਇਹ ਧਰਤੀ ਉੱਪਰ ਲਗਭਗ ਨਾਂਹ ਦੇ ਬਰਾਬਰ ਹੈ। ਸੋ ਇਹ ਇੱਕ ਸਸਤਾ ਅਤੇ ਸਾਫ ਬਾਲਣ ਹੈ, ਚੰਦ ਤੋਂ ਲਿਆ ਕੇ ਵੀ; ਭਾਰਤ ਦੇ ਇਸ ਮਿਸ਼ਨ ਦੀ ਗੱਲ ਇਸ ਕਰਕੇ ਵੀ ਹੋ ਰਹੀ ਹੈ ਕਿ ਇਹ ਮਹਿਜ ਸਲਮਾਨ ਖਾਨ ਦੀ ਇੱਕ ਫਿਲਮ ਦੀ ਕਮਾਈ ਜਿੰਨੇ ਪੈਸੇ ਵਿੱਚ ਚੰਦ 'ਤੇ ਪਹੁੰਚ ਗਿਆ।



ਚੰਦ ਉੱਪਰ ਹੀਲੀਅਮ-3 ਦੇ ਵੱਡੇ ਭੰਡਾਰਾਂ ਦੇ ਰੂਪ ਵਿੱਚ ਮੌਜੂਦਗੀ ਬਾਰੇ ਯੂਰਪੀਅਨ ਸਪੇਸ ਏਜੰਸੀ ਅਤੇ ਨਾਸਾ ਨੇ ਬਹੁਤ ਸਾਲ ਪਹਿਲਾਂ ਖੁਲਾਸਾ ਕੀਤਾ ਸੀ; ਇਹ ਭਵਿੱਖ ਦਾ ਬਾਲਣ ਹੈ। ਨੇੜ ਭਵਿੱਖ ਵਿੱਚ ਜਿਸ ਦੇਸ਼ ਕੋਲ ਵੀ ਚੰਦ ਤੋਂ ਹੀਲੀਅਮ-3 ਲਿਆਉਣ ਦੀ ਯੋਗਤਾ ਹੋਵੇਗੀ, ਉਹ ਅਰਬਾਂ ਜਾਂ ਖਰਬਾਂ ਵਿੱਚ ਨਹੀਂ, ਬਲਕਿ ਚਰਬਾਂ ਵਿੱਚ ਡਾਲਰ ਕਮਾਵੇਗਾ ਅਤੇ ਇਸੇ ਦੌੜ ਦਾ ਪਾਂਧੀ ਹੈ ਭਾਰਤ, ਜਿਸ ਦੀਆਂ ਆਬਾਦੀ ਦੇ ਹਿਸਾਬ ਨਾਲ ਖੁਦ ਬਹੁਤ ਵੱਡੀਆਂ ਊਰਜਾ ਲੋੜਾਂ ਹਨ ਤੇ ਉਹ ਸਸਤੇ ਰੇਟ 'ਤੇ ਲਿਆ ਕੇ ਦੂਜੇ ਦੇਸ਼ਾਂ ਨੂੰ ਵੇਚ ਸਕੇਗਾ।

ਸਵਾਲ ਹੈ ਕਿ ਐਡੀ ਕੀ ਆਫਤ ਆਈ ਸੀ, ਜੋ ਚੰਦ ਦੇ ਦੱਖਣ ਵਿੱਚ ਹੀ ਜਾਣਾ ਸੀ? ਤਾਂ ਇਹ ਵੀ ਨਾਸਾ ਤੇ ਯੂਰਪੀਅਨ ਸਪੇਸ ਏਜੰਸੀ ਨੇ ਦੱਸਿਆ ਸੀ ਕਿ ਚੰਦ 'ਤੇ ਹੀਲੀਅਮ-3 ਦੇ ਵੱਡੇ ਭੰਡਾਰ ਚੰਦ ਦੇ ਦੱਖਣ ਵਿੱਚ ਹਨ। ਇਸੇ ਕਾਰਨ ਇਸ ਚੰਦਰਯਾਨ ਮਿਸ਼ਨ ਵਿੱਚ ਨਾਸਾ ਅਤੇ ਯੂਰਪੀਅਨ ਸਪੇਸ ਏਜੰਸੀ ਨੇ ਇਸਰੋ ਨੂੰ ਆਪਣੇ ਗਰਾਊਂਡ ਸਟੇਸ਼ਨਾਂ ਤੋਂ ਲਗਾਤਾਰ ਸੁਪੋਰਟ ਕੀਤੀ ਤਾਂ ਜੋ ਲੈਂਡਿਗ ਸਮੇਂ ਗਲਤੀ ਦੀ ਕੋਈ ਗੁੰਜਾਇਸ਼ ਨਾ ਰਹੇ।

ਵਿਕਰਮ ਲੈਂਡਰ ਭਾਰਤ ਸਮੇਤ ਧਰਤੀ ਦੇ ਇਤਿਹਾਸ ਵਿੱਚ ਭਵਿੱਖ ਦੀਆਂ ਊਰਜਾ ਲੋੜਾਂ ਲਈ ਨਵੇਂ ਦਿਸਹੱਦੇ ਕਾਇਮ ਕਰੇਗਾ ਅਤੇ ਜਦ ਭਵਿੱਖ ਵਿੱਚ ਕਲੀਨ ਐਨਰਜੀ ਮਿਲੇਗੀ ਤਾਂ ਇਸਰੋ ਦੀ ਇਸ ਪ੍ਰਾਪਤੀ, ਖੋਜ ਅਤੇ ਹੋਣ ਵਾਲੀ ਖੋਜ ਕਰਕੇ ਵਿਕਰਮ ਲੈਂਡਰ ਨੂੰ ਹਮੇਸ਼ਾ ਦੁਨੀਆ ਵਿੱਚ ਯਾਦ ਕੀਤਾ ਜਾਵੇਗਾ; ਕਿਉਂਕਿ ਐਨਰਜੀ ਤੋਂ ਬਿਨਾ ਤੁਹਾਡੇ ਫੋਨ ਦੀ ਬੈਟਰੀ ਤੱਕ ਨਹੀਂ ਚਲ ਸਕਦੀ, ਜੋ ਧਰਤੀ 'ਤੇ ਖਤਮ ਹੋ ਰਹੀ ਹੈ। ਇਹ ਇੱਕ ਇਤਿਹਾਸਕ ਮੀਲ ਪੱਥਰ ਲੱਗਾ ਹੈ, ਜਿਸ ਬਾਰੇ ਤੁਸੀਂ ਅੰਦਾਜ਼ਾ ਨਹੀਂ ਲਾ ਸਕਦੇ ਕਿ ਇਹ ਕਿੱਡੀ ਵੱਡੀ ਪ੍ਰਾਪਤੀ ਹੋਈ ਹੈ ਦੁਨੀਆ ਅੰਦਰ!

# ਲੰਬੀ ਉਮਰ ਦੇ ਨਗ਼ਮੇ

ਅਮਰਜੀਤ ਟਾਂਡਾ



"ਸਿਹਤਮੰਦ ਅਤੇ ਲੰਬੀ ਉਮਰ ਦਾ ਨਗ਼ਮਾ" ਮੁਹਾਵਰਾ ਤੁਹਾਡੇ ਲਈ ਕੋਈ ਹੋਰ ਨਹੀਂ ਲਿਖੇਗਾ। ਇਹ ਲਿਖਤ, ਕਹਾਣੀ, ਕਥਾ ਤੁਹਾਡੇ ਹੀ ਹੱਥਾਂ ਵਿਚ ਹੈ। ਤੁਸੀਂ ਆਪ ਹੀ ਇਹਦਾ ਗੀਤ, ਰਾਗ ਗਾਉਣਾ ਹੈ। ਕੋਈ ਵੀ ਇਸ ਸੰਸਾਰ ਨੂੰ ਅਲਵਿਦਾ ਨਹੀਂ ਕਹਿਣਾ ਚਾਹੁੰਦਾ। ਸਾਰੇ ਹੀ ਚਾਹੁੰਦੇ ਹਨ ਕਿ ਜ਼ਿੰਦਗੀ ਸਦਾ ਸਿਹਤਮੰਦ ਅਤੇ ਉਮਰ ਲੰਬੀ ਹੋਵੇ। ਦਿਨ ਰਾਤ, ਹਰ ਪਹਿਲੂ ਖ਼ੁਸ਼ੀ ਵਿੱਚ ਹੀ ਗੁਜ਼ਾਰਿਆ ਜਾਵੇ। ਫਿਰ ਸੋਚੋ! ਕੌਣ ਲਿਖ ਜਾਂਦਾ ਹੈ, ਬੀਮਾਰ ਦਿਨ ਤੇ ਪਲ? ਅਸੀਂ ਆਪਣੇ ਆਪ ਹੀ ਸਿਹਤ ਲਈ ਜ਼ਿੰਮੇਵਾਰ ਹਾਂ। ਹਾਦਸੇ ਕਈ ਵਾਰ ਵਾਪਰ ਵੀ ਜਾਂਦੇ ਹਨ। ਉਦੋਂ ਵੀ ਗਲਤੀ ਸਾਡੀ ਆਪਣੀ ਹੀ ਹੁੰਦੀ ਹੈ, ਪਰ ਅਸੀਂ ਕਿਸੇ ਦੇ ਉਤੇ ਸੁੱਟ ਦਿੰਦੇ ਹਾਂ।

ਕੀ ਛੁਰੀ ਕੋਈ ਹੋਰ ਮਾਰ ਜਾਂਦਾ ਹੈ?

ਕੀ ਹਥੌੜੀ, ਦਾਤਰੀ ਕੋਈ ਹੋਰ ਮਾਰਦਾ ਹੈ?

ਕੀ ਕਾਰ ਦੀ ਟੱਕਰ ਬਹੁਤੀ ਵਾਰ ਅਸੀਂ ਆਪਣੀ ਗਲਤੀ ਨਾਲ ਨਹੀਂ ਕਰਦੇ? ਪਰ ਤੁਸੀਂ ਮੇਰੇ ਨਾਲ ਸਹਿਮਤ ਕਦੇ ਨਹੀਂ ਹੋਵੋਂਗੇ, ਕਿਉਂਕਿ ਤੁਸੀਂ ਆਪਣੇ ਆਪ ਨੂੰ ਕਦੇ ਗ਼ਲਤ ਮੰਨਣਾ ਹੀ ਨਹੀਂ ਚਾਹੁੰਦੇ।

ਲੰਬੇ ਸਮੇਂ ਤੱਕ ਜੀਣ ਦਾ ਰਾਜ਼, ਵੱਡੀਆਂ ਉਮਰਾਂ ਦਾ ਰਹੱਸ ਸਾਡੇ ਹੀ ਹੱਥਾਂ ਵਿਚ ਹੈ। ਕਦੇ ਜ਼ਿੰਦਗੀ ਵਿਚ ਤਕਲੀਫ ਜਾਂ ਹੰਝੂ ਆ ਜਾਣ ਤਾਂ ਲੋਕਾਈ ਨੂੰ ਨਾ ਦੱਸਣਾ। ਆਪ ਸਮੱਸਿਆ ਨੂੰ ਹੱਲ ਕਰਨਾ ਤੇ ਹੰਝੂਆਂ ਨੂੰ ਆਪ ਪੂੰਝਿਓ। ਦੁਨੀਆਂ ਵਾਲੇ ਆਏ ਤਾਂ ਪਹਿਲਾਂ ਸੌਦਾ ਕਰਨਗੇ, ਜੇ ਉਨ੍ਹਾਂ ਨੂੰ ਦੱਸੋਗੇ ਤਾਂ!



ਸਭ ਤੋਂ ਮਹੱਤਵਪੂਰਨ, ਜ਼ਰੂਰੀ ਸਾਡਾ ਖਾਣਾ-ਪੀਣਾ ਹੈ, ਅਸੀਂ ਕੀ ਮੂੰਹ ਵਿੱਚ ਪਾਉਂਦੇ ਹਾਂ।

ਖਾਓ ਪੀਓ ਕਰੋ ਆਨੰਦ। ...ਮਰਾਵੇ ਪਰਮਾਨੰਦ।

ਬਿਲਕੁਲ ਗ਼ਲਤ ਹੈ।

ਜਿਹੋ ਜਿਹਾ ਤੇਰਾ ਅੰਨ, ਓਹੋ ਜਿਹਾ ਤਨ-ਮਨ। ਆਪਾਂ ਸਾਰੇ ਹੀ ਜਾਣਦੇ ਹਾਂ, ਸੁਣਦੇ ਵੀ ਹਾਂ, ਪਰ ਅਮਲ 'ਚ ਨਹੀਂ ਲਿਆਉਂਦੇ।

ਖੁਸ਼ ਕਿੰਨਾ ਕੁ ਰਹਿੰਦੇ ਹੋ? ਨੀਂਦ ਕਿੰਨੀ ਕੁ ਆਉਂਦੀ ਹੈ? ਸਮਾਜਿਕ ਸਬੰਧ ਕਿੰਨੇ ਕੁ ਪੀਡੇ ਹਨ? ਤੁਹਾਡੇ ਦੋਸਤਾਂ-ਮਿੱਤਰਾਂ ਦੀ ਗਿਣਤੀ, ਆਲਾ-ਦੁਆਲਾ, ਵਾਤਾਵਰਣ ਅਤੇ ਜ਼ਿੰਦਗੀ ਦੇ ਉਦੇਸ਼ ਦੀ ਭਾਵਨਾ ਵਿੱਚ ਹੀ ਸਾਡਾ ਜ਼ਿੰਦਗੀ ਦਾ ਸੁਪਨਾ ਛੁਪਿਆ ਹੋਇਆ ਹੈ। ਜਿੰਨਾ ਪੁਰਾਣਾ ਦੋਸਤ ਤੇ ਨੌਕਰ ਹੋਵੇਗਾ, ਤੁਹਾਡਾ ਉਸ ਤੋਂ ਹੀ ਪਤਾ ਲੱਗ ਜਾਵੇਗਾ; ਤੇ ਜ਼ਿੰਦਗੀ ਬਾਰੇ ਵੀ।

ਡੈਨ ਬੁਏਟਨਰ ਨੇ ਖੁਰਾਕ ਅਤੇ ਲੰਬੀ ਉਮਰ 'ਤੇ ਕਾਫੀ ਖੋਜ ਕੀਤੀ ਹੈ। ਉਹ ਅਮਰੀਕਾ ਦੇ ਨੈਸ਼ਨਲ ਜੀਓਗ੍ਰਾਫਿਕ ਫੈਲੋ, ਪੁਰਸਕਾਰ ਜੇਤੂ ਪੱਤਰਕਾਰ ਅਤੇ ਦਸਤਾਵੇਜ਼ੀ ਨਿਰਮਾਤਾ ਹਨ। ਬੁਏਟਨਰ ਨੂੰ ਧਰਤੀ ਦੇ 'ਬਲੂ ਜ਼ੋਨ' ਦੀ ਪਛਾਣ ਕਰਨ ਵਾਲੇ ਪਹਿਲੇ ਵਿਅਕਤੀ ਹੋਣ ਦਾ ਸਿਹਰਾ ਜਾਂਦਾ ਹੈ। ਬਲੂ ਜ਼ੋਨ ਧਰਤੀ 'ਤੇ ਪੰਜ ਸਥਾਨ ਹਨ, ਜਿੱਥੇ ਲੋਕ ਲੰਬੀ, ਸਿਹਤਮੰਦ ਜ਼ਿੰਦਗੀ ਜੀਉਂਦੇ ਹਨ। ਇੱਥੇ ਲੋਕ 100 ਸਾਲ ਜਾਂ ਇਸ ਤੋਂ ਵੱਧ ਜੀਉਂਦੇ ਹਨ ਅਤੇ ਉਹ ਵੀ ਬਿਨਾ ਕਿਸੇ ਬਿਮਾਰੀ ਦੇ।

2008 ਵਿੱਚ ਉਸ ਨੇ ਆਪਣੀ ਸਭ ਤੋਂ ਵੱਧ ਵਿਕਣ ਵਾਲੀ ਕਿਤਾਬ 'ਦ ਬਲੂ ਜ਼ੋਨਜ਼: 9 ਲੈਸਨਜ਼ ਫਾਰ ਲਿਵਿੰਗ ਲੌਂਗਰ ਫਰਾਮ ਦਿ ਪੀਪਲ ਹੂ ਹੈਵ ਵੇਡ ਦ ਲੌਂਗਸਟ' ਵਿੱਚ ਆਪਣੀਆਂ ਖੋਜਾਂ ਪ੍ਰਕਾਸ਼ਿਤ ਕੀਤੀਆਂ ਹਨ। ਬਲੂ ਜ਼ੋਨਾਂ ਵਿੱਚ ਉਸ ਨੇ ਸਥਾਨਾਂ ਵਿੱਚ ਆਈਕਾਰੀਆ (ਗ੍ਰੀਸ), ਸਾਰਡੀਨੀਆ (ਇਟਲੀ), ਓਕੀਨਾਵਾ (ਜਾਪਾਨ), ਲੋਮਾ ਲਿੰਡਾ (ਕੈਲੀਫੋਰਨੀਆ) ਅਤੇ ਨਿਕੋਯਾ (ਕੋਸਟਾ ਰੀਕਾ) ਨੂੰ ਸ਼ਾਮਲ ਕੀਤਾ ਹੈ।

ਜੇ ਤੁਸੀਂ ਵਿਕਸਿਤ ਸੰਸਾਰ 'ਚ ਰਹਿਣ ਵਾਲੇ ਇੱਕ ਔਸਤ ਵਿਅਕਤੀ ਹੋ, ਤਾਂ ਤੁਸੀਂ ਸ਼ਾਇਦ ਕਰੀਬ 14 ਸਾਲ ਦੀ ਉਮਰ ਗੁਆ ਰਹੇ ਹੋ। ਇਸ ਦਾ ਸਭ ਤੋਂ ਵੱਡਾ ਕਾਰਨ ਤੁਹਾਡਾ ਸੁਆਦੀ, ਵੱਧ ਉੱਚ ਪ੍ਰੋਸੈਸਡ ਭੋਜਨ ਹੀ ਹੈ; ਪਰ ਸਾਡੇ ਕੋਲ ਇਸ ਤੋਂ ਬਿਨਾ ਹੋਰ ਕੋਈ ਵਿਕਲਪ ਨਹੀਂ ਹੈ। ਡੈਨ ਬੁਏਟਨਰ ਨੇ ਆਪਣੇ ਇੱਕ ਪ੍ਰੋਡਕਾਸਟ ਵਿੱਚ ਕਿਹਾ ਹੈ, "ਅਸੀਂ ਆਪਣੀ ਦੁਨੀਆ 'ਚ ਰਹਿੰਦੇ ਹੋਏ ਵੀ ਬਲੂ ਜ਼ੋਨ ਦੇ ਲੋਕਾਂ ਵਾਂਗ ਖਾਣਾ ਬਣਾਉਣਾ ਤੇ ਖਾਣਾ ਸਿੱਖ ਸਕਦੇ ਹਾਂ।" ਉਸ ਨੇ ਦਸ ਅਜਿਹੇ ਭੋਜਨਾਂ ਬਾਰੇ ਦੱਸਿਆ ਹੈ, ਜੋ ਬਲੂ ਜ਼ੋਨ ਦੇ ਲੋਕ ਖਾਂਦੇ ਹਨ। ਥੋੜ੍ਹੀ ਜਿਹੀ ਕੋਸ਼ਿਸ਼ ਨਾਲ ਅਸੀਂ ਇਨ੍ਹਾਂ ਭੋਜਨਾਂ ਨੂੰ ਆਪਣੀ ਖੁਰਾਕ ਵਿੱਚ ਵੀ ਸ਼ਾਮਲ ਕਰ ਸਕਦੇ ਹਾਂ।

ਸਭ ਤੋਂ ਦਿਲਚਸਪ ਗੱਲ ਇਹ ਹੈ ਕਿ ਬਲੂ ਜ਼ੋਨ ਦੇ ਲਗਭਗ ਸਾਰੇ ਲੋਕ ਆਪਣੇ ਪੀਣ ਵਿੱਚ ਚਾਹ-ਕੌਫੀ ਅਤੇ ਵਾਈਨ ਸ਼ਾਮਲ ਕਰਦੇ ਹਨ। ਡੈਨ ਬੁਏਟਨਰ ਨੇ ਲਿਖਿਆ ਤੇ ਬੋਲਿਆ ਵੀ ਹੈ ਕਿ ਆਪਣੀ ਖੁਰਾਕ ਭੋਜਨ ਵਿੱਚ ਵੱਧ ਤੋਂ ਵੱਧ ਪੌਦਿਆਂ ਤੋਂ ਪ੍ਰਾਪਤ ਉਤਪਾਦਾਂ ਨੂੰ ਪਹਿਲ ਦਿਓ। ਇਹ ਫਸਟ ਟਰੌਫਿਕ ਲੈਵਲ ਤੋਂ ਮਿਲਦਾ ਹੈ। ਆਪਾਂ ਪੜ੍ਹਿਆ ਤੇ ਪੜ੍ਹਾਇਆ ਵੀ ਹੈ। ਕਰੀਬ 95% ਭੋਜਨ ਬਲੂ ਜ਼ੋਨ ਦੇ ਲੋਕਾਂ ਦਾ ਪੌਦਿਆਂ ਤੋਂ ਹੀ ਆਉਂਦਾ ਹੈ। ਬਹੁਤ ਸਾਰੀਆਂ ਬੀਨਜ਼, ਸਾਗ ਖਾਸ ਕਰਕੇ ਪਾਲਕ, ਸ਼ਕਰਕੰਦੀ, ਗਿਰੀਦਾਰ ਅਤੇ ਬੀਜ, ਸਾਬਤ ਅਨਾਜ ਖਾਓ। ਜੇ ਘੋੜੇ ਵਾਂਗ ਰਹਿਣਾ ਹੈ ਤਾਂ ਉਹ ਕੀ ਖਾਂਦੇ ਹਨ, ਉਹ ਖਾਓ ਫਿਰ। ਘਾਹ ਨਹੀਂ ਮੈਂ ਕਿਹਾ! ਬੀਨਜ਼, ਸਾਗ, ਪਾਲਕ, ਸ਼ਕਰਕੰਦੀ ਦੀ ਗੱਲ ਕੀਤੀ ਹੈ। ਆਪਾਂ ਉਹ ਕਿਉਂ ਨਹੀਂ ਖਾਂਦੇ?

ਲੋਕ ਮੀਟ ਵੀ ਖਾਂਦੇ ਹਨ, ਪੰਜ ਵਿੱਚੋਂ ਚਾਰ ਬਲੂ ਜ਼ੋਨਾਂ ਵਿੱਚ। ਪਰ ਜੋ ਲੋਕ ਬਲੂ ਜ਼ੋਨ ਵਿੱਚ ਮੀਟ ਖਾਂਦੇ ਹਨ, ਉਹ ਕਿਸੇ ਤਿਉਹਾਰ ਵਾਲੇ ਦਿਨ ਹੀ ਖਾਂਦੇ ਹਨ। ਆਪਾਂ ਨੂੰ ਤਾਂ ਮੀਟ ਬਗੈਰ ਰੋਟੀ ਚੰਗੀ ਹੀ ਨਹੀਂ ਲਗਦੀ। ਫਿਰ ਦੋਸ਼ ਵੀ ਆਪਣੇ ਆਪ ਨੂੰ ਹੀ ਦਿਓ। ਜ਼ਿੰਦਗੀ, ਲੰਬੀ ਉਮਰ ਦਾ ਖ਼ਤ ਵੀ ਅਸੀਂ ਆਪ ਹੀ ਲਿਖਣਾ ਹੈ ਹਜ਼ੂਰ! ਮੀਟ ਚਿਕਨ ਨੂੰ ਸਾਈਡ ਡਿਸ਼ ਵਜੋਂ ਖਾਓ। ਹਫਤੇ 'ਚ ਦੋ ਵਾਰ ਤੋਂ ਜ਼ਿਆਦਾ ਇਸ ਦਾ ਸੇਵਨ ਨਾ ਕਰੋ। ਜੋ ਮੀਟ ਖਾ ਰਹੇ ਹੋ, ਉਹ ਤਾਜ਼ਾ ਹੋਣਾ ਚਾਹੀਦਾ ਹੈ, ਪ੍ਰੋਸੈਸਡ ਮੀਟ ਨਹੀਂ। ਹਰ ਨੀਲੇ ਜ਼ੋਨ ਦੇ ਲੋਕ ਪ੍ਰਤੀ ਦਿਨ ਆਮ ਤੌਰ 'ਤੇ ਥੋੜ੍ਹੀ ਜਿਹੀ ਮੱਛੀ ਖਾਂਦੇ ਹਨ। ਲੰਬੀ ਉਮਰ ਲਈ ਤੁਸੀਂ ਆਪਣੀ ਰੋਜ਼ਾਨਾ ਖੁਰਾਕ ਵਿੱਚ ਮੱਛੀ ਨੂੰ ਸ਼ਾਮਲ ਕਰ ਸਕਦੇ ਹੋ, ਜਿਸ ਵਿੱਚ ਪਾਰੇ ਦੀ ਮਾਤਰਾ ਨਾਮੁਮਕਿਨ ਹੋਵੇ।

ਅਕਸਰ ਗਾਂ ਦੇ ਦੁੱਧ ਤੋਂ ਬਣੀਆਂ ਚੀਜ਼ਾਂ ਖਾਣ ਲਈ ਕਿਹਾ ਜਾਂਦਾ ਹੈ। ਸਿਹਤਮੰਦ ਰਹਿਣ ਅਤੇ ਕੈਲਸ਼ੀਅਮ ਦੀ ਸਪਲਾਈ ਪੂਰੀ ਕਰਨ ਲਈ। ਕਿਸੇ ਵੀ ਬਲੂ ਜ਼ੋਨ ਖੁਰਾਕ ਦਾ, ਗਾਂ ਦਾ ਦੁੱਧ ਮਹੱਤਵਪੂਰਨ ਹਿੱਸਾ ਨਹੀਂ ਹੈ। ਬੱਕਰੀ ਜਾਂ ਭੇਡ ਦੇ ਦੁੱਧ ਤੋਂ ਦਹੀਂ ਜਾਂ ਪਨੀਰ ਬਣਾਉਂਦੇ ਹਨ ਇੱਥੋਂ ਦੇ ਲੋਕ। ਸਾਡੀ ਪਾਚਨ ਪ੍ਰਣਾਲੀ ਗਾਂ ਦੇ ਦੁੱਧ ਦੇ ਉਤਪਾਦਾਂ ਲਈ ਅਨੁਕੂਲ ਨਹੀਂ ਹੈ। ਗਾਂ ਦੇ ਦੁੱਧ ਦੀ ਥਾਂ ਅਸੀਂ ਇੱਕ ਕੱਪ ਟੋਫੂ ਲੈ ਸਕਦੇ ਹਾਂ। ਖੋਜ ਅਨੁਸਾਰ ਇਸ 'ਚ ਇੱਕ ਕੱਪ ਦੁੱਧ ਜਿੰਨਾ ਕੈਲਸ਼ੀਅਮ ਹੁੰਦਾ ਹੈ।

ਇੱਕ ਹਫ਼ਤੇ ਵਿੱਚ ਤਿੰਨ ਤੋਂ ਵੱਧ ਅੰਡੇ ਨਹੀਂ ਖਾਂਦੇ ਆਮ ਤੌਰ 'ਤੇ ਬਲੂ ਜ਼ੋਨ ਦੇ ਨਿਵਾਸੀ। ਮੀਟ ਦੇ ਨਾਲ ਸਾਈਡ ਡਿਸ਼ ਦੇ ਤੌਰ 'ਤੇ ਇੱਥੋਂ ਦੇ ਲੋਕ ਅੰਡੇ ਖਾਂਦੇ ਹਨ ਜਾਂ ਪੂਰੇ ਅਨਾਜ ਨਾਲ ਖਾਂਦੇ ਹਨ। ਕਈ ਲੋਕ ਆਪਣੀ ਸੂਪ 'ਚ ਉਬਲੇ ਹੋਏ ਅੰਡੇ ਵੀ ਖਾਂਦੇ ਹਨ ਤੇ ਕਈ ਬੀਨਜ਼ ਦੇ ਨਾਲ ਤਲੇ ਹੋਏ ਅੰਡੇ ਵੀ ਖਾਂਦੇ ਹਨ। ਉਹ ਲੋਕ ਨਾਸ਼ਤੇ ਲਈ ਵੀ ਅੰਡੇ ਲੈਂਦੇ ਹਨ। ਘੱਟੋ-ਘੱਟ ਅੱਧਾ ਕੱਪ ਬੀਨਜ਼ ਅਤੇ ਫ਼ਲੀਦਾਰ ਸਬਜ਼ੀਆਂ ਰੋਜ਼ਾਨਾ ਖਾਓ- ਕਿਸਮ ਕੋਈ ਵੀ ਹੋਵੇ। ਬੀਨਜ਼ ਸਭ ਤੋਂ ਆਮ ਭੋਜਨਾਂ ਵਿੱਚੋਂ ਇੱਕ ਹੈ, ਬਲੂ ਜ਼ੋਨਾਂ ਵਿੱਚ ਖਪਤ ਕੀਤੇ ਜਾਣ ਵਾਲੇ। ਕਾਲੀਆਂ ਫਲੀਆਂ, ਦਾਲ, ਛੋਲੇ ਅਤੇ ਸੋਇਆਬੀਨ ਭੋਜਨ ਵਿੱਚ ਸ਼ਾਮਲ ਕਰੋ।

ਜ਼ਿਆਦਾਤਰ ਵਿਕਸਿਤ ਦੇਸ਼ਾਂ ਨਾਲੋਂ ਔਸਤਨ ਬਲੂ ਜ਼ੋਨ ਦੇ ਲੋਕ ਚਾਰ ਗੁਣਾ ਜ਼ਿਆਦਾ ਫ਼ਲੀਦਾਰ ਸਬਜ਼ੀਆਂ ਖਾਂਦੇ ਹਨ। ਕਿਸੇ ਵੀ ਜਸ਼ਨ ਦੌਰਾਨ ਹੀ ਬਲੂ ਜ਼ੋਨ ਦੇ ਲੋਕ ਮਠਿਆਈ ਖਾਂਦੇ ਹਨ। ਕਿਸੇ ਵੀ ਅਜਿਹੇ ਭੋਜਨ ਉਤਪਾਦ ਦਾ ਸੇਵਨ ਨਾ ਕਰੋ, ਜਿਸ ਦੇ ਪਹਿਲੇ ਪੰਜ ਤੱਤਾਂ ਵਿੱਚ ਚੀਨੀ ਸ਼ਾਮਲ ਹੋਵੇ। ਜੇ ਤੁਸੀਂ ਲੰਬੇ ਸਮੇਂ ਤੱਕ ਜੀਣ ਦੇ ਆਸ਼ਕ ਹੋ ਤਾਂ! ਖੰਡ ਦੀ ਮਾਤਰਾ ਨੂੰ ਪ੍ਰਤੀ ਦਿਨ 100 ਕੈਲੋਰੀ ਤੱਕ ਸੀਮਤ ਰੱਖਣ ਨਾਲ ਬਿਹਤਰ ਰਹੇਗਾ। ਜੇ ਇਹ ਮਿੱਠਾ ਸੁੱਕੇ ਮੇਵਿਆਂ ਤੋਂ ਪ੍ਰਾਪਤ ਕੀਤਾ ਜਾਵੇ ਤਾਂ ਚੰਗਾ ਹੈ।

ਸਦਾ ਸੱਜਰੀਆਂ ਰਿਸ਼ਮਾਂ ਦੇ ਚਾਨਣ ਵਿਚ ਇਸ਼ਨਾਨ ਕਰਿਆ ਕਰੋ। ਚਿਹਰਿਆਂ 'ਤੇ ਲਾਲੀਆਂ ਲਿਆਉਣ ਲਈ ਹਸਮੁਖ ਹੋਣਾ ਪਵੇਗਾ। ਯਾਰ ਉਹ ਬਣਾਓ ਕਿ ਗੱਲਾਂ ਕਰਦੇ ਖ਼ੂਨ ਵਧਾਉਣ। ਵੱਖੀਆਂ ਟੁੱਟਣ ਹੱਸ ਹੱਸ ਕੇ। ਖੁਸ਼ੀ ਦੇ ਅੱਥਰੂ ਆਉਣ ਆਪ ਮੁਹਾਰੇ। ਇੰਝ ਹਰ ਦਿਨ ਦੀ ਸਰਘੀ ਦੇ ਰੰਗ ਰੂਪ ਨੂੰ ਆਪਣੀ ਹਿੱਕ ਨਾਲ ਲਾਇਆ ਕਰੋ। ਅੱਗੇ ਤੇਰਾ ਦਿਨ ਯਾਰਾ!!






# ਦਿਆਨਤਦਾਰੀ ਦਾ ਲੁਤਫ਼



## ਇੰਜੀਨੀਅਰ ਬਿਕਰਮ ਸਿੰਘ ਗਰੇਵਾਲ

ਅਦਬੀ ਸ਼ਖ਼ਸ

**ਉਜਾਗਰ ਸਿੰਘ**
**ਫੋਨ: 91-9417813072**



ਸਰਕਾਰੀ ਨੌਕਰੀ ਦੌਰਾਨ ਇਮਾਨਦਾਰੀ ਤੇ ਵਚਨਬੱਧਤਾ ਅਤੇ ਲੋਕਾਂ ਨੂੰ ਇਨਸਾਫ ਦੇਣਾ ਸੱਚੇ ਸੁੱਚੇ ਅਧਿਕਾਰੀਆਂ ਦੀ ਪ੍ਰਵਿਰਤੀ ਹੋਣੀ ਚਾਹੀਦੀ ਹੈ ਤਾਂ ਹੀ ਲੋਕ ਰਾਜ ਦੇ ਅਰਥਾਂ ਦਾ ਲਾਭ ਉਠਾਇਆ ਜਾ ਸਕਦਾ ਹੈ। ਸਰਕਾਰੀ ਨੌਕਰੀ ਤੋਂ ਸੇਵਾ ਮੁਕਤੀ ਤੋਂ ਬਾਅਦ ਪਛਤਾਉਣ ਦਾ ਕੋਈ ਲਾਭ ਨਹੀਂ ਹੁੰਦਾ। ਜਿਹੜੇ ਸਰਕਾਰੀ ਅਧਿਕਾਰੀ ਲੋਕਾਂ ਨੂੰ ਇਨਸਾਫ ਦਿੰਦੇ ਹਨ, ਉਨ੍ਹਾਂ ਦਾ ਬੁਢਾਪਾ ਸਾਂਤਮਈ ਗੁਜਰਦਾ ਹੈ। ਫਿਰ ਬੁਢਾਪਾ ਸਰਾਪ ਨਹੀਂ, ਸਗੋਂ ਵਰਦਾਨ ਹੁੰਦਾ ਹੈ। ਬੁਢਾਪਾ ਅਹਿਸਾਸ ਦਾ ਦੂਜਾ ਨਾਮ ਹੈ। ਜਿਹੋ ਜਿਹਾ ਇਨਸਾਨ ਸੋਚਦਾ ਹੈ, ਉਹੋ ਜਿਹਾ ਮਹਿਸੂਸ ਕਰਦਾ ਹੈ। ਮਨੁੱਖੀ ਜੀਵਨ ਪਰਮਾਤਮਾ ਵੱਲੋਂ ਇੱਕ ਵਾਰ ਦਿੱਤਾ ਤੋਹਫ਼ਾ ਹੁੰਦਾ ਹੈ। ਇਸ ਤੋਹਫ਼ੇ ਦੀ ਵਰਤੋਂ ਹਰ ਇਨਸਾਨ ਨੇ ਆਪੋ ਆਪਣੀ ਸਮਝ ਅਨੁਸਾਰ ਕਰਨੀ ਹੁੰਦੀ ਹੈ। ਜਿਹੜਾ ਇਨਸਾਨ ਮਨੁੱਖੀ ਜੀਵਨ ਨੂੰ ਉਸਾਰੂ ਸੋਚ ਨਾਲ ਵੰਗਾਰ ਸਮਝ ਕੇ ਲੈਂਦਾ ਹੈ, ਉਹ ਹਮੇਸ਼ਾ ਸਫਲਤਾ ਪ੍ਰਾਪਤ ਕਰਦਾ ਸਥਾਪਤ ਨਿਸ਼ਾਨੇ 'ਤੇ ਪਹੁੰਚਦਾ ਹੈ, ਜਿਹੜਾ ਇਸ ਜੀਵਨ ਨੂੰ ਭਾਰ ਸਮਝਣ ਲੱਗਦਾ ਹੈ, ਉਹ ਸੁੱਖਮਈ ਨਹੀਂ ਰਹਿ ਸਕਦਾ ਅਤੇ ਹਮੇਸ਼ਾ ਨਿਰਾਰਥਕ ਜੀਵਨ ਬਤੀਤ ਕਰਦਾ ਹੈ। ਸਕਾਰਾਤਮਕ ਸੋਚ, ਸੰਤੁਸ਼ਟਤਾ ਤੇ ਇਮਾਨਦਾਰੀ ਇਨਸਾਨ ਨੂੰ ਆਨੰਦ ਤੇ ਲੰਬੀ ਉਮਰ ਬਖ਼ਸ਼ਦੀ ਹੈ। ਬੁਢਾਪੇ ਨੂੰ ਜੇ ਇਨਸਾਨ ਸਹਿਜ ਨਾਲ ਲੈਂਦਾ ਹੋਇਆ ਆਪਣੇ ਆਪ ਨੂੰ ਰੁਝੇਵਿਆਂ ਵਿੱਚ ਰੱਖੇਗਾ ਤਾਂ ਜ਼ਿੰਦਗੀ ਦਾ ਆਨੰਦ ਮਾਣੇਗਾ।

ਉਕਤ ਵਿਚਾਰਾਂ ਦੇ ਧਾਰਨੀ ਸੌ ਸਾਲ ਤੋਂ ਵੱਧ ਉਮਰ ਦੇ ਵਿਅਕਤੀ ਬਿਕਰਮ ਸਿੰਘ ਗਰੇਵਾਲ ਇਸ ਉਮਰ ਵਿੱਚ ਵੀ ਜ਼ਿੰਦਗੀ ਦਾ ਆਨੰਦ ਬਾਖ਼ੂਬੀ ਨਾਲ ਮਾਣ ਰਹੇ ਹਨ। ਉਹ 1981 ਵਿੱਚ ਸਰਕਾਰੀ ਨੌਕਰੀ ਤੋਂ ਸੇਵਾ ਮੁਕਤ ਹੋਏ ਸਨ, ਪ੍ਰੰਤੂ ਸੇਵਾ ਮੁਕਤੀ ਤੋਂ ਬਾਅਦ ਆਪਣੀ ਕਾਰ ਆਪ ਚਲਾ ਕੇ 98 ਸਾਲ ਦੀ ਉਮਰ ਤੱਕ ਗੋਲਫ ਕਲੱਬ ਚੰਡੀਗੜ੍ਹ ਵਿੱਚ ਗੋਲਫ ਖੇਡਦੇ ਰਹੇ। ਸਿਰਫ ਪਿਛਲੇ ਦੋ ਸਾਲਾਂ ਤੋਂ ਗੋਲਫ਼ ਖੇਡਣਾ ਛੱਡਿਆ ਹੈ। ਅਜੇ ਵੀ ਉਹ ਚੁਸਤ-ਫੁਰਤ, ਤੰਦਰੁਸਤ ਅਤੇ ਤੁਰਦੇ-ਫਿਰਦੇ ਹਨ। ਉਨ੍ਹਾਂ ਦੀ ਯਾਦਾਸ਼ਤ ਬਰਕਰਾਰ ਹੈ। ਇਮਾਨਦਾਰੀ ਦੀ ਆਵਾਜ਼ ਉਸੇ ਤਰ੍ਹਾਂ ਗੜ੍ਹਕਦੀ ਹੈ। 11 ਫਰਵਰੀ 2023 ਨੂੰ ਪੰਜਾਬ ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਵਿਖੇ ਇੰਜੀਨੀਅਰਜ਼ ਅਲੂਮਨੀ ਨੇ ਬਿਕਰਮ ਸਿੰਘ ਗਰੇਵਾਲ ਨੂੰ ਬਿਹਤਰੀਨ ਜ਼ਿੰਦਗੀ ਦੇ 100 ਸਾਲ ਪੂਰੇ ਕਰਨ ਲਈ 'ਲਾਈਫ਼ ਟਾਈਮ ਅਚੀਵਮੈਂਟ ਅਵਾਰਡ' ਦੇ ਕੇ ਸਨਮਾਨਤ ਕੀਤਾ ਸੀ। ਉਨ੍ਹਾਂ ਨੇ ਆਪਣਾ 100ਵਾਂ ਜਨਮ ਦਿਨ 15 ਫਰਵਰੀ 2023 ਨੂੰ ਮਨਾਇਆ ਸੀ, ਉਸ ਸਮੇਂ ਲੈਫ਼ਟੀਨੈਂਟ ਕਰਨਲ ਇੰਜੀਨੀਅਰ ਸੰਜੀਵ ਕੌਲ ਨੇ ਆਪਣੇ ਵਧਾਈ ਸੰਦੇਸ਼ ਵਿੱਚ ਕਿਹਾ ਸੀ ਕਿ "ਬਿਕਰਮ ਸਿੰਘ ਗਰੇਵਾਲ ਇੰਜੀਨੀਅਰਿੰਗ ਜਗਤ ਲਈ ਰੋਲ ਮਾਡਲ ਦਾ ਕੰਮ ਕਰ ਰਹੇ ਹਨ। ਉਨ੍ਹਾਂ ਇਹ ਵੀ ਕਿਹਾ ਕਿ ਮੈਕਲਾਗਨ ਇੰਜੀਨੀਅਰਿੰਗ ਕਾਲਜ ਲਾਹੌਰ ਦੇ ਜੀਵਤ ਉਹ ਸਭ ਤੋਂ ਸੀਨੀਅਰ ਇੰਜੀਨੀਅਰ ਹਨ, ਜਿਨ੍ਹਾਂ ਦਿਆਨਤਦਾਰੀ ਨਾਲ ਨੌਕਰੀ ਕਰਦਿਆਂ ਜ਼ਿੰਦਗੀ ਦੇ 10 ਦਹਾਕਿਆਂ ਦਾ ਲੁਤਫ਼ ਲਿਆ ਹੈ।" ਇਸ ਲਈ ਬੁਢਾਪੇ ਨੂੰ ਜ਼ਿੰਦਗੀ ਦਾ ਆਨੰਦ ਮਾਨਣ ਦਾ ਸਭ ਤੋਂ ਵਧੀਆ ਸਮਾਂ ਸਮਝਣਾ ਚਾਹੀਦਾ ਹੈ, ਕਿਉਂਕਿ ਕੋਈ ਝਮੇਲਾ ਨਹੀਂ ਹੁੰਦਾ।

ਸਮੇਂ ਦੀ ਤਬਦੀਲੀ ਨਾਲ ਬੇਸ਼ਕ ਸਮਾਜ ਦੀਆਂ ਕਦਰਾਂ-ਕੀਮਤਾਂ ਵੀ ਬਦਲ ਜਾਂਦੀਆਂ ਹਨ। ਵਰਤਮਾਨ ਸਮੇਂ ਵਿੱਚ ਇਮਾਨਦਾਰੀ ਅਤੇ ਭ੍ਰਿਸ਼ਟਾਚਾਰ ਦੇ ਅਰਥ ਹੀ ਬਦਲਦੇ ਜਾ ਰਹੇ ਹਨ। ਖਾਸ ਤੌਰ 'ਤੇ ਸਰਕਾਰੀ ਨੌਕਰੀ ਵਿੱਚ ਤਾਂ ਕਦਰਾਂ-ਕੀਮਤਾਂ ਵਿੱਚ ਅਣਕਿਆਸੀ ਗਿਰਾਵਟ ਆ ਗਈ ਹੈ। ਇਸ ਸਮੇਂ ਜੇ ਕੋਈ ਛੋਟਾ ਅਧਿਕਾਰੀ ਵੀ ਨੌਕਰੀ 'ਤੇ ਨਿਯੁਕਤ ਹੋ ਜਾਵੇ ਤਾਂ ਉਹ ਵਿਭਾਗ ਵਿੱਚ ਮਨਮਾਨੀਆਂ ਕਰਨ ਨੂੰ ਪਹਿਲ ਦਿੰਦਾ ਹੈ, ਕਿਉਂਕਿ ਉਹ ਸਾਰੇ ਆਪਸ ਵਿੱਚ ਰਲ-ਮਿਲ ਜਾਂਦੇ ਹਨ। ਉਨ੍ਹਾਂ ਵੱਲੋਂ ਨਿਯਮਾਂ ਨੂੰ ਛਿੱਕੇ ਟੰਗ ਦਿੱਤਾ ਜਾਂਦਾ ਹੈ। ਪ੍ਰੰਤੂ ਬਿਕਰਮ ਸਿੰਘ ਗਰੇਵਾਲ ਬਹੁਤ ਹੀ ਸੀਨੀਅਰ ਸੇਵਾ ਮੁਕਤ ਅਧਿਕਾਰੀ ਹਨ, ਜਿਹੜੇ ਸਾਰੀ ਉਮਰ ਸੱਚਾਈ ਅਤੇ ਇਮਾਨਦਾਰੀ 'ਤੇ ਪਹਿਰਾ ਦਿੰਦੇ ਰਹੇ ਹਨ। ਸ. ਬਿਕਰਮ ਸਿੰਘ ਗਰੇਵਾਲ, ਸੇਵਾ ਮੁਕਤ ਮੁੱਖ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਪੰਜਾਬ ਹਨ। ਉਨ੍ਹਾਂ ਆਪਣੀ ਸਾਰੀ ਨੌਕਰੀ ਧੜੱਲੇ ਅਤੇ ਖ਼ੁਦਦਾਰੀ ਨਾਲ ਆਪਣੀਆਂ ਸ਼ਰਤਾਂ 'ਤੇ ਕੀਤੀ ਅਤੇ ਨਾ ਹੀ ਕਿਸੇ ਦੀ ਈਨ ਮੰਨੀ ਅਤੇ ਨਾ ਮਨਵਾਈ ਹੈ। ਕਦੀਂ ਵੀ ਕਿਸੇ ਸੀਨੀਅਰ ਅਧਿਕਾਰੀ ਜਾਂ ਸਿਆਸਤਦਾਨ ਦੇ ਕਹਿਣ 'ਤੇ ਗ਼ਲਤ ਕੰਮ ਨਹੀਂ ਕੀਤਾ, ਭਾਵੇਂ ਉਨ੍ਹਾਂ ਨੂੰ ਇਸ ਕਰਕੇ ਅਨੇਕਾਂ ਮੁਸ਼ਕਿਲਾਂ ਦਾ ਸਾਹਮਣਾ ਵੀ ਕਰਨਾ ਪਿਆ। ਸੀਨੀਅਰ ਅਧਿਕਾਰੀਆਂ ਦੀ ਤਾਂ ਛੱਡੋ ਉਹ ਤਾਂ ਪੰਜਾਬ ਦੇ ਮੁੱਖ ਮੰਤਰੀ ਦੇ ਵੀ ਗ਼ਲਤ ਹੁਕਮਾਂ ਨੂੰ ਅਣਡਿਠ ਕਰ ਦਿੰਦੇ ਸਨ। ਕੋਈ ਵੀ ਵਿਅਕਤੀ ਛੇਤੀ ਕੀਤਿਆਂ ਉਨ੍ਹਾਂ ਕੋਲ ਕਿਸੇ ਕਿਸਮ ਦੀ ਸ਼ਿਫਾਰਸ਼ ਕਰਨ ਦੀ ਤਾਂ ਦੂਰ ਦੀ ਗੱਲ ਹੈ, ਉਨ੍ਹਾਂ ਕੋਲ ਜਾਣ ਤੋਂ ਹੀ ਤ੍ਰਭਕਦਾ ਸੀ, ਕਿਉਂਕਿ ਉਨ੍ਹਾਂ ਨੂੰ ਪਤਾ ਹੁੰਦਾ ਸੀ ਕਿ ਉਹ ਸਹੀ ਕੰਮ ਹੀ ਕਰਨਗੇ। ਜੇ ਕਿਸੇ ਕਰਮਚਾਰੀ ਜਾਂ ਅਧਿਕਾਰੀ ਦੀ ਕੋਈ ਸਮੱਸਿਆ ਹੁੰਦੀ ਤਾਂ ਉਹ ਉਨ੍ਹਾਂ ਨੂੰ ਸਿੱਧਾ ਆ ਕੇ ਮਿਲ ਸਕਦਾ ਸੀ, ਪ੍ਰੰਤੂ ਕੰਮ ਉਹ ਤਾਂ ਹੀ ਕਰਦੇ ਸਨ ਜੇ ਜ਼ਾਇਜ ਅਤੇ ਸਰਕਾਰੀ ਨਿਯਮਾਂ ਦੇ ਅਨੁਸਾਰ ਹੋ ਸਕਦਾ ਹੁੰਦਾ ਸੀ। ਵਿਭਾਗ ਵਿੱਚ ਉਹ ਕਿਸੇ ਨਾਲ ਨਾ ਬੇਇਨਸਾਫੀ ਕਰਦੇ ਸਨ ਅਤੇ ਨਾ ਹੀ ਕਰਨ ਦਿੰਦੇ ਸਨ। ਉਨ੍ਹਾਂ ਨੇ ਵਿਭਾਗ ਦੇ ਮੁਖੀ ਹੁੰਦਿਆਂ ਭ੍ਰਿਸ਼ਟਾਚਾਰ ਨਹੀਂ ਹੋਣ ਦਿੱਤਾ।

ਉਨ੍ਹਾਂ ਦੀ ਸਰਕਾਰੀ ਅਧਿਕਾਰੀ ਦੇ ਤੌਰ 'ਤੇ ਵੱਖ-ਵੱਖ ਅਹੁਦਿਆਂ ਸਬ ਡਵੀਜਨਲ ਇੰਜੀਨੀਅਰ ਤੋਂ ਮੁੱਖ ਇੰਜੀਨੀਅਰ ਤੱਕ 37 ਸਾਲ ਦਾ ਕੈਰੀਅਰ ਬੇਦਾਗ਼ ਰਿਹਾ। ਲੋਕ ਨਿਰਮਾਣ ਵਿੱਚ ਸੜਕਾਂ, ਪੁਲਾਂ ਅਤੇ ਉਸਾਰੀ ਦੇ ਕੰਮ ਚਲਦੇ ਰਹਿੰਦੇ ਸਨ, ਜਦੋਂ ਉਹ ਦੌਰੇ 'ਤੇ ਜਾਂਦੇ ਸਨ ਤਾਂ ਆਪਣਾ ਖਾਣਾ ਨਾਲ ਹੀ ਲੈ ਜਾਂਦੇ ਸਨ। ਦੇਸ਼ ਦੀ ਵੰਡ ਤੋਂ ਪਹਿਲਾਂ ਅਤੇ ਵੰਡ ਤੋਂ ਬਾਅਦ ਸਾਂਝਾ ਪੰਜਾਬ ਬਹੁਤ ਵੱਡਾ ਸੀ, ਕਈ ਵਾਰ ਕਈ ਰਾਤਾਂ ਬਾਹਰ ਕੱਟਣੀਆਂ ਪੈਂਦੀਆਂ ਸਨ ਤਾਂ ਉਹ ਆਪਣਾ ਬਿਸਤਰਾ, ਖਾਣੇ ਦਾ ਸਾਰਾ ਸਾਮਾਨ, ਸਟੋਵ, ਦਾਲਾਂ, ਸਬਜ਼ੀਆਂ ਅਤੇ ਆਟਾ ਨਾਲ ਹੀ ਲੈ ਜਾਂਦੇ ਸਨ। ਕਿਸੇ ਦਫ਼ਤਰ ਦੇ ਅਧਿਕਾਰੀ ਕੋਲੋਂ ਚਾਹ ਤੱਕ ਨਹੀਂ ਪੀਂਦੇ ਸਨ। ਇਥੋਂ ਤੱਕ ਕਿ ਕੋਈ ਅਧਿਕਾਰੀ ਚਾਹ ਜਾਂ ਖਾਣੇ ਬਾਰੇ ਕਹਿਣ ਦੀ ਹਿੰਮਤ ਵੀ ਨਹੀਂ ਰੱਖਦੇ ਸਨ। ਸ. ਗਰੇਵਾਲ ਦਾ ਪਰਿਵਾਰ ਉਨ੍ਹਾਂ ਦੀ ਵਿਰਾਸਤ 'ਤੇ ਪਹਿਰਾ ਦੇ ਰਿਹਾ ਹੈ।

ਬਿਕਰਮ ਸਿੰਘ ਗਰੇਵਾਲ ਦਾ ਸਿਖਿਆ ਪ੍ਰਾਪਤ ਕਰਨ ਦਾ ਰਿਕਾਰਡ ਵੀ ਬਿਹਤਰੀਨ ਰਿਹਾ ਹੈ। ਉਹ ਹਮੇਸ਼ਾ ਹਰ ਕਲਾਸ ਵਿੱਚੋਂ ਪਹਿਲੇ ਦਰਜੇ ਵਿੱਚ ਪਾਸ ਹੁੰਦੇ ਰਹੇ। ਉਨ੍ਹਾਂ ਨੇ ਅੱਠਵੀਂ 1936 ਤੇ ਦਸਵੀਂ 1938 ਵਿੱਚ ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਫਸਟ ਡਵੀਜਨ ਵਿੱਚ ਪਾਸ ਕਰਕੇ 1940 ਵਿੱਚ ਫੈਕਿਲਿਟੀ ਆਫ ਸਾਇੰਸ (ਐਫ. ਐਸਸੀ.) ਖਾਲਸਾ ਕਾਲਜ ਅੰਮ੍ਰਿਤਸਰ ਤੋਂ ਪਾਸ ਕੀਤੀ। ਫਿਰ ਉਨ੍ਹਾਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਕਰਨ ਲਈ ਮੈਕਲਾਗਨ ਇੰਜੀਨੀਅਰਿੰਗ ਕਾਲਜ ਲਾਹੌਰ ਵਿੱਚ ਦਾਖ਼ਲਾ ਲੈ ਲਿਆ। ਉਨ੍ਹਾਂ 1943 ਵਿੱਚ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਪ੍ਰਾਪਤ ਕੀਤੀ। ਉਪਰੰਤ 1944 ਵਿੱਚ ਉਨ੍ਹਾਂ ਦੀ ਸਾਂਝੇ ਪੰਜਾਬ ਦੇ ਲੋਕ ਨਿਰਮਾਣ ਵਿਭਾਗ (ਬੀ. ਐਂਡ ਆਰ.) ਵਿੱਚ ਬਤੌਰ ਸਬ ਡਵੀਜਨਲ ਇੰਜੀਨੀਅਰ ਦੀ ਚੋਣ ਹੋ ਗਈ। ਉਨ੍ਹਾਂ ਦੀ ਸਭ ਤੋਂ ਪਹਿਲੀ ਪੋਸਟਿੰਗ ਅੰਡਰ ਟਰੇਨਿੰਗ ਰਾਵਲਪਿੰਡੀ ਵਿੱਚ ਹੋਈ ਸੀ। ਉਸ ਤੋਂ ਬਾਅਦ ਜਲੰਧਰ ਵਿਖੇ ਨਿਯੁਕਤ ਹੋ ਗਏ। 1951 ਵਿੱਚ ਉਨ੍ਹਾਂ ਦੀ ਤਰੱਕੀ ਕਾਰਜਕਾਰੀ ਇਜੀਨੀਅਰ ਦੀ ਹੋ ਗਈ ਅਤੇ ਫਿਰੋਜਪੁਰ ਵਿਖੇ ਤਾਇਨਾਤ ਕਰ ਦਿੱਤੇ ਗਏ। 1963 ਵਿੱਚ ਤਰੱਕੀ ਤੋਂ ਬਾਅਦ ਸੁਪਰਇਟੈਂਡੈਂਟ ਇੰਜੀਨੀਅਰ ਬਣ ਗਏ। 1966 ਵਿੱਚ ਪੰਜਾਬ ਦੀ ਵੰਡ ਹੋਣ ਤੋਂ ਬਾਅਦ 1971 ਵਿੱਚ ਮੁੱਖ ਇਜੀਨੀਅਰ ਦੀ ਤਰੱਕੀ ਹੋ ਗਈ ਅਤੇ ਉਨ੍ਹਾਂ ਨੂੰ ਵਿਭਾਗ ਦਾ ਮੁਖੀ ਨਿਯੁਕਤ ਕਰ ਦਿੱਤਾ ਗਿਆ। 10 ਸਾਲ ਵਿਭਾਗ ਦੇ ਮੁਖੀ ਰਹਿਣ ਸਮੇਂ ਉਨ੍ਹਾਂ ਨੇ ਵਿਭਾਗ ਦੀ ਕਾਰਜਪ੍ਰਣਾਲੀ ਵਿੱਚ ਵਿਲੱਖਣ ਤਬਦੀਲੀਆਂ ਲਿਆਂਦੀਆਂ। ਉਨ੍ਹਾਂ ਦੇ ਸਮੇਂ ਬਹੁਤ ਸਾਰੇ ਵਿਭਾਗੀ ਪੁਲਾਂ ਅਤੇ ਸਰਕਾਰੀ ਇਮਾਰਤਾਂ ਦੀ ਉਸਾਰੀ ਹੋਈ। ਇਸ ਤੋਂ ਇਲਾਵਾ ਉਨ੍ਹਾਂ ਨੇ ਪਟਿਆਲਾ ਅਤੇ ਅੰਮ੍ਰਿਤਸਰ ਦੇ ਨਵੇਂ ਬਲਾਕਾਂ ਅਤੇ ਰੋਹਤਕ ਵਿਖੇ ਨਿਊ ਮੈਡੀਕਲ ਕਾਲਜ ਰੋਹਤਕ ਦੀਆਂ ਇਮਾਰਤਾਂ ਦੀ ਉਸਾਰੀ ਕਰਵਾਈ, ਜਿਹੜੀ ਅੱਜ ਤੱਕ ਬਿਹਤਰੀਨ ਉਸਾਰੀ ਦੀ ਤਕਨੀਕ ਦਾ ਨਮੂਨਾ ਹਨ। ਇੰਜੀਨੀਅਰਿੰਗ ਕਾਲਜ ਚੰਡੀਗੜ੍ਹ ਦੀ ਉਸਾਰੀ ਵੀ ਕਰਵਾਈ ਸੀ। ਪਿੰਡਾਂ ਨੂੰ ਦਿਹਾਤੀ ਸੜਕਾਂ ਨਾਲ ਜੋੜਨ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ। ਉਹ 37 ਸਾਲ ਦੀ ਬੇਦਾਗ਼ ਨੌਕਰੀ ਕਰਨ ਤੋਂ ਬਾਅਦ ਫਰਵਰੀ 1981 ਵਿੱਚ ਸੇਵਾ ਮੁਕਤ ਹੋਏ ਸਨ।

ਬਿਕਰਮ ਸਿੰਘ ਗਰੇਵਾਲ ਦਾ ਜਨਮ ਪਿਤਾ ਸ. ਬੂਟਾ ਸਿੰਘ ਦੇ ਘਰ ਮਾਤਾ ਹਰਨਾਮ ਕੌਰ ਦੀ ਕੁੱਖੋਂ ਲੁਧਿਆਣਾ ਜਿਲ੍ਹੇ ਦੇ ਲਲਤੋਂ ਪਿੰਡ ਵਿਖੇ 15 ਫਰਵਰੀ 1923 ਨੂੰ ਹੋਇਆ। ਉਨ੍ਹਾਂ ਦਾ ਵਿਆਹ ਬੀਬੀ ਨਿਰਮਲਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਦੋ ਲੜਕੇ ਹਰਜੀਤ ਇੰਦਰ ਸਿੰਘ ਗਰੇਵਾਲ ਅਤੇ ਜਸਟਿਸ ਅਨੂਪ ਇੰਦਰ ਸਿੰਘ ਗਰੇਵਾਲ ਹਨ। ਹਰਜੀਤ ਇਦੰਰ ਸਿੰਘ ਗਰੇਵਾਲ ਆਈ.ਏ.ਐਸ. ਅਧਿਕਾਰੀ ਸਨ, ਜਿਹੜੇ ਕਈ ਜਿਲ੍ਹਿਆਂ ਦੇ ਡਿਪਟੀ ਕਮਿਸ਼ਨਰ, ਡਵੀਜਨਲ ਕਮਿਸ਼ਨਰ ਅਤੇ ਪੰਜਾਬ ਦੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਡਿਪਟੀ ਪ੍ਰਿੰਸੀਪਲ ਸਕੱਤਰ ਰਹੇ ਸਨ। ਅਨੂਪ ਇੰਦਰ ਸਿੰਘ ਗਰੇਵਾਲ ਪੰਜਾਬ ਤੇ ਹਰਿਆਣਾ ਹਾਈ ਕੋਰਟ ਦੇ ਜੱਜ ਹਨ। ਇੱਕ ਲੜਕੀ ਨੀਨਾ ਸਿੰਘ ਹੈ, ਜਿਹੜੀ ਬਰਜੇਸ਼ਵਰ ਸਿੰਘ ਆਈ.ਏ.ਐਸ. (ਸੇਵਾ ਮੁਕਤ) ਨੂੰ ਵਿਆਹੀ ਹੋਈ ਹੈ। ਬਰਜੇਸ਼ਵਰ ਸਿੰਘ ਭਾਰਤ ਸਰਕਾਰ ਦੇ ਕਈ ਵਿਭਾਗਾਂ ਵਿੱਚ ਸਕੱਤਰ ਰਹੇ ਹਨ।

# ਭਾਰਤ ਵਿੱਚ ਮੌਤਾਂ ਦੀ ਤੀਜੀ ਵੱਡੀ ਵਜ੍ਹਾ ਅਸੁਰੱਖਿਅਤ ਗਰਭਪਾਤ

ਗਹਿਰ-ਗੰਭੀਰ ਖੁਲਾਸਾ

**ਕਮਲਜੀਤ ਸਿੰਘ ਬਣਵੈਤ**
**ਫੋਨ: +91-9814734035**



ਤੁਸੀਂ ਹੀ ਦੱਸੋ ਕਿ ਸਰਕਾਰਾਂ ਦੀ ਨਾਲਾਇਕੀ ਜਾਂ ਡਾਕਟਰਾਂ ਦੀ ਅਲਗਰਜ਼ੀ ਕਾਰਨ ਕਿਸੇ ਦੇ ਜਨਮ ਲੈਣ ਤੋਂ ਪਹਿਲਾਂ ਹੀ ਉਸ ਤੋਂ ਜ਼ਿੰਦਗੀ ਦਾ ਹੱਕ ਖੋਹ ਲਿਆ ਜਾਵੇ ਤਾਂ ਕਿੰਨਾ ਦੁਖਦਾਈ ਹੁੰਦਾ ਹੋਵੇਗਾ! ਕੁਦਰਤ ਦਾ ਵਿਰੋਧ; ਨਾ ਬਖ਼ਸ਼ਿਆ ਜਾਣ ਵਾਲਾ ਪਾਪ।

ਦੇਸ਼ ਦੀ ਸਿਖਰਲੀ ਅਦਾਲਤ ਸੁਪਰੀਮ ਕੋਰਟ ਨੇ ਹੁਣੇ ਜਿਹੇ ਗੁਜਰਾਤ ਦੀ ਇੱਕ ਬਲਾਤਕਾਰ ਪੀੜਤ ਮਹਿਲਾ ਨੂੰ 28 ਹਫ਼ਤਿਆਂ ਦੇ ਗਰਭ ਦਾ ਪਾਤ (ਅਬਾਰਸ਼ਨ) ਕਰਾਉਣ ਦੀ ਆਗਿਆ ਦੇ ਦਿੱਤੀ ਹੈ। ਇਸ ਤੋਂ ਪਹਿਲਾਂ ਚੰਡੀਗੜ੍ਹ ਦੀ ਇਕ ਬਲਾਤਕਾਰ ਪੀੜਤ ਨਾਬਾਲਗ ਲੜਕੀ ਨੂੰ ਅਬਾਰਸ਼ਨ ਦੀ ਇਜਾਜ਼ਤ ਨਹੀਂ ਸੀ ਦਿੱਤੀ ਗਈ, ਕਿਉਂਕਿ ਉਸ ਦੀ ਆਪਣੀ ਜਾਨ ਨੂੰ ਖ਼ਤਰਾ ਦੱਸਿਆ ਗਿਆ ਸੀ। ਗੁਜਰਾਤ ਦੀ ਇਸ ਮਹਿਲਾ ਨੇ ਪਹਿਲਾਂ ਉਥੋਂ ਦੀ ਹਾਈ ਕੋਰਟ ਦਾ ਦਰਵਾਜ਼ਾ ਖੜਕਾਇਆ ਸੀ, ਪਰ ਉਸ ਦੀ ਅਰਜ਼ੀ ਖਾਰਜ ਕਰ ਦਿੱਤੀ ਗਈ ਸੀ। ਫਿਰ ਉਸ ਨੇ ਆਪਣੀ ਪਟੀਸ਼ਨ ਸੁਪਰੀਮ ਕੋਰਟ ਵਿੱਚ ਦਾਇਰ ਕਰ ਦਿੱਤੀ ਸੀ। ਦੇਸ਼ ਦੀ ਸਿਖਰਲੀ ਅਦਾਲਤ ਦਾ ਕਹਿਣਾ ਹੈ ਕਿ ਕਿਸੇ ਔਰਤ ਨਾਲ ਬਲਾਤਕਾਰ ਹੋਣਾ ਉਸ ਲਈ ਸਭ ਤੋਂ ਵੱਡਾ ਕਸ਼ਟਦਾਇਕ ਹੁੰਦਾ ਹੈ। ਜੇ ਉਹ ਗਰਭ ਧਾਰਨ ਕਰ ਲਵੇ ਤਾਂ ਜ਼ਖ਼ਮ ਉਮਰਾਂ ਲਈ ਨਹੀਂ ਭਰਦੇ ਹਨ। ਅਦਾਲਤ ਨੇ ਮੈਡੀਕਲ ਬੋਰਡ ਦੀ ਰਿਪੋਰਟ ਨੂੰ ਆਧਾਰ ਬਣਾ ਕੇ ਆਗਿਆ ਦੇ ਦਿੱਤੀ ਸੀ।



ਇੱਕ ਪਾਸੇ ਜਦੋਂ ਸੁਪਰੀਮ ਕੋਰਟ ਵਿੱਚ ਇਸ ਕੇਸ ਦੀ ਸੁਣਵਾਈ ਚੱਲ ਰਹੀ ਸੀ ਤਾਂ ਮੁਲਕ ਦੀ ਪਾਰਲੀਮੈਂਟ ਵਿੱਚ ਅਸੁਰੱਖਿਅਤ ਗਰਭਪਾਤ ਨਾਲ ਜੁੜੇ ਹੈਰਾਨੀਜਨਕ ਅੰਕੜੇ ਪੇਸ਼ ਕੀਤੇ ਗਏ ਹਨ। ਅੰਕੜਿਆਂ ਮੁਤਾਬਕ ਭਾਰਤ ਵਿੱਚ ਹਰ ਸਾਲ ਗਿਆਰਾਂ ਲੱਖ 44 ਹਜ਼ਾਰ ਤੋਂ ਵੱਧ ਗਰਭਪਾਤ ਹੋ ਰਹੇ ਹਨ, ਜਿਨ੍ਹਾਂ ਵਿਚੋਂ 67 ਫੀਸਦੀ ਗਰਭਪਾਤ ਅਸੁਰੱਖਿਅਤ ਹੁੰਦੇ ਹਨ, ਜਿਸ ਕਰਕੇ ਹਰ ਰੋਜ਼ ਅੱਠ ਔਰਤਾਂ ਦੀ ਮੌਤ ਹੋ ਰਹੀ ਹੈ। ਦੂਜੇ ਬੰਨੇ ਯੂਨਾਈਟਿਡ ਨੇਸ਼ਨਸਜ਼ ਪਾਪੂਲੇਸ਼ਨ ਫੰਡ ਦੀ ਪਿਛਲੇ ਸਾਲ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਭਾਰਤ ਵਿੱਚ ਹੋ ਰਹੀਆਂ ਮੌਤਾਂ ਦੀ ਸਭ ਤੋਂ ਤੀਜੀ ਵੱਡੀ ਵਜਾ ਅਸੁਰੱਖਿਅਤ ਗਰਭਪਾਤ ਹੈ, ਜਿਸ ਦੇ ਸਿੱਟੇ ਵਜੋਂ ਹਰ ਰੋਜ਼ ਅੱਠ ਔਰਤਾਂ ਦੀ ਮੌਤ ਹੁੰਦੀ ਹੈ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਭਾਰਤ ਵਿੱਚ 67 ਫੀਸਦੀ ਗਰਭਪਾਤ ਅਸੁਰੱਖਿਅਤ ਤਰੀਕੇ ਨਾਲ ਕੀਤੇ ਜਾਂਦੇ ਹਨ। ਭਾਰਤ ਵਿੱਚ ਸਭ ਤੋਂ ਵੱਧ ਅਬਾਰਸ਼ਨ ਮਹਾਂਰਾਸ਼ਟਰ ਵਿੱਚ ਹੋ ਰਹੇ ਹਨ। ਉਸ ਤੋਂ ਬਾਅਦ ਤਾਮਿਲਨਾਡੂ ਅਤੇ ਤੀਜੇ ਨੰਬਰ 'ਤੇ ਪੱਛਮੀ ਬੰਗਾਲ ਦਾ ਨਾਂ ਹੁੰਦਾ ਹੈ।

⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# 'ਸੁਲਘਦੇ ਸਮਿਆਂ ਦਾ ਸੱਚ' ਕਰੋਨਾ ਸਾਲ ਦੇ ਸਾਹਿਤਕ ਸਰੋਕਾਰ

## ਕਿਤਾਬ ਦੀ ਗੱਲ



**ਦਿਲਜੀਤ ਸਿੰਘ ਬੇਦੀ**
**ਫੋਨ: +91-76579-68570**

ਪੰਜਾਬੀ ਸਾਹਿਤ ਦਾ ਬਲਦੇਵ ਸਿੰਘ ਧਾਲੀਵਾਲ ਸਥਾਪਤ ਹਸਤਾਖ਼ਰ ਹੈ। ਉਸ ਦੀਆਂ ਹੁਣ ਤੱਕ ਪੰਤਾਲੀ ਦੇ ਕਰੀਬ ਪੁਸਤਕਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ- ਇੱਕ ਕਾਵਿ-ਸੰਗ੍ਰਹਿ, ਦੋ ਕਹਾਣੀ-ਸੰਗ੍ਰਹਿ, ਚਾਰ ਸਫ਼ਰਨਾਮੇ, ਇੱਕ ਵਾਰਤਕ, ਅਠਾਰਾਂ ਆਲੋਚਨਾ ਦੀਆਂ ਅਤੇ ਵੀਹ ਸੰਪਾਦਕ ਪੁਸਤਕਾਂ ਸ਼ਾਮਲ ਹਨ। ਇਸ ਨੇ ਕਰੋਨਾ ਸੰਕਟ ਅਤੇ ਕਿਸਾਨੀ ਸੰਘਰਸ਼ ਦੇ ਦੌਰ ਵਿੱਚ ਸਾਲ 2021 ਦੇ ਬਿਹਤਰੀਨ ਪੰਜਾਬੀ ਸਾਹਿਤ ਨੂੰ ਸੰਪਾਦਨ ਕਰਕੇ ਇੱਕ ਵੱਖਰੀ ਮਿਸਾਲ ਕਾਇਮ ਕੀਤੀ ਹੈ। ਇਹ ਕਿਤਾਬ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਲਈ ਵੱਡੇ ਸੁਪਨੇ ਲੈਣ ਵਾਲੇ ਦਾਰਸ਼ਨਿਕ ਕਵੀ ਸੁਰਜੀਤ ਸਿੰਘ ਪਾਤਰ ਨੂੰ ਸਮਰਪਿਤ ਕੀਤੀ ਗਈ ਹੈ।

ਸਾਲ 2021 ਦਾ ਵਰ੍ਹਾ ਪੰਜਾਬ, ਭਾਰਤ ਲਈ ਹੀ ਨਹੀਂ ਬਲਕਿ ਸਮੁੱਚੀ ਲੋਕਾਈ ਦੇ ਚੇਤਿਆਂ ਵਿੱਚ ਉੱਕਰ ਜਾਣ ਵਾਲਾ ਸਾਲ ਮੰਨਿਆ ਜਾ ਚੁੱਕਾ ਹੈ। ਵਿਸ਼ਵ ਵਿੱਚ ਕਰੋਨਾ ਦੇ ਸੰਕਟ ਅਤੇ ਭਾਰਤ ਵਿੱਚ ਕਿਸਾਨੀ ਦੇ ਲਾਮਿਸਾਲ ਅੰਦੋਲਨ ਕਰਕੇ ਇਸ ਵਰ੍ਹੇ ਦੀ ਇਤਿਹਾਸਕ ਮਹੱਤਤਾ ਤੋਂ ਕੋਈ ਇਨਕਾਰੀ ਨਹੀਂ ਹੋ ਸਕਦਾ। ਇਸ ਦੌਰ-ਵਿਸ਼ੇਸ਼ ਦੀ ਸੰਵੇਦਨਾ ਦੀਆਂ ਡੂੰਘੀਆਂ ਰਮਜ਼ਾਂ ਇਸ ਵਰ੍ਹੇ ਦੀ ਸਾਹਿਤ-ਸਿਰਜਣਾ ਰਾਹੀਂ ਉਜਾਗਰ ਹੁੰਦੀਆਂ ਹਨ। ਇਸ ਦੌਰ ਦੇ ਇਤਿਹਾਸਕ ਮਹੱਤਵ ਵਾਲੇ ਬਿਹਤਰੀਨ ਸਾਹਿਤ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਸੰਭਾਲਣ ਦੀ ਦਿਸ਼ਾ ਵੱਲ ਹੱਥਲੀ ਪੁਸਤਕ ਪ੍ਰਸ਼ੰਸਾ ਜਨਕ ਕਦਮ ਹੈ।

ਇਹ ਇੱਕ ਵੱਖਰੇ ਅੰਦਾਜ਼ ਦੀ ਪੁਸਤਕ ਹੈ। ਪੰਜਾਬੀ ਵਿਧਾਵਾਂ, ਕਲਾਵਾਂ ਦੀਆਂ ਬਿਹਤਰੀਨ ਕਿਰਤਾਂ ਨੂੰ ਸੰਗ੍ਰਹਿ ਕਰਕੇ ਪੰਜਾਬੀ ਕਲਾ-ਪ੍ਰੇਮੀਆਂ ਅੱਗੇ ਪਰੋਸਿਆ ਗਿਆ ਹੈ ਤਾਂ ਜੋ ਉਹ ਪੰਜਾਬੀਆਂ ਦੀਆਂ ਸਰਵੋਤਮ ਕਿਰਤਾਂ ਨੂੰ ਬਿਨਾਂ ਬਹੁਤੇ ਤਰੱਦਦ ਤੋਂ ਇੱਕੋ ਜਗ੍ਹਾ 'ਤੇ ਪ੍ਰਾਪਤ ਕਰ ਸਕਣ, ਸਭ ਸੀਮਾਵਾਂ ਦੇ ਬਾਵਜੂਦ ਇਹ ਇੱਕ ਨਵਾਂ, ਨਿਵੇਕਲਾ ਅਤੇ ਅਹਿਮ ਤਜ਼ਰਬਾ ਹੈ। ਸਾਲ-ਵਿਸ਼ੇਸ਼ ਦਾ ਸਮੁੱਚੇ ਪੰਜਾਬੀ ਸਾਹਿਤ ਸਬੰਧੀ ਅਜਿਹਾ ਵੱਡਾ ਇਤਿਹਾਸਕ ਮਹੱਤਤਾ ਵਾਲਾ ਕਾਰਜ ਪਹਿਲੀ ਵਾਰ ਹੋਇਆ ਹੈ। ਸੰਪਾਦਕ ਵਧਾਈ ਦਾ ਪਾਤਰ ਹੈ।

ਸੁਘੜ ਸੰਪਾਦਕ ਨੇ ਹੱਥਲੀ ਕਿਤਾਬ ਨੂੰ ਛੇ ਭਾਗਾਂ ਵਿੱਚ ਵੰਡਿਆ ਹੈ। ਪਹਿਲੇ ਭਾਗ ਵਿੱਚ ਚੋਣਵੀਂ ਪੰਜਾਬੀ ਕਹਾਣੀ ਸਰਵੇਖਣ ਅਤੇ ਮੁਲੰਕਣ ਬਲਦੇਵ ਸਿੰਘ ਧਾਲੀਵਾਲ ਵੱਲੋਂ ਕੀਤਾ ਗਿਆ ਹੈ। 'ਮੈਂ ਰੋ ਨਾ ਲਵਾਂ ਇੱਕ ਵਾਰ' ਵਰਿਆਮ ਸਿੰਘ ਸੰਧੂ, 'ਇੱਕ ਬੁੱਲਾ ਹਵਾ ਦਾ' ਸੁਕੀਰਤ, 'ਬੇਵਿਸਾਹੀ ਰੁੱਤ' ਹਰਪ੍ਰੀਤ ਸੇਖਾ, 'ਬੇਖ਼ਬਰ' ਕਰਾਮਤ ਮੁਗਲ, 'ਅਲੋਹਾ' ਗੁਰਮੀਤ ਕੜਿਆਲਵੀ, 'ਆਕਰੋਸ਼' ਕੁਲਬੀਰ ਬਡੇਸਰੋਂ, 'ਆਪੋ ਆਪਣੇ ਮੋਰਚੇ' ਬਿੰਦਰ ਬਸਰਾ, 'ਚਾਬੀਆਂ ਦਾ ਗੁੱਛਾ' ਵਿਪਨ ਗਿੱਲ, 'ਸੂਲਾਂ ਵਰਗੇ ਪੱਤੇ' ਗੁਰਮੀਤ ਪਨਾਗ, 'ਅੱਗ ਦੀ ਸਾਂਝ' ਪਰਵੇਜ਼ ਸੰਧੂ।

ਚੋਣਵੀਂ ਪੰਜਾਬੀ ਮਿੰਨੀ ਕਹਾਣੀ: ਸਰਵੇਖਣ ਤੇ ਮੁਲੰਕਣ ਜਗਦੀਸ਼ ਰਾਏ ਕੁਲਰੀਆਂ ਨੇ ਕੀਤਾ ਹੈ, ਇਸ ਵਿੱਚ ਪੰਦਰਾਂ ਮਿੰਨੀ ਕਹਾਣੀਆਂ ਸ਼ਾਮਲ ਹਨ, 'ਬਾਰਡਰ ਅੰਦਰ ਬਾਰਡਰ' ਸ਼ਿਆਮ ਸੁੰਦਰ ਦੀਪਤੀ, 'ਵਿਰਾਸਤ' ਕੁਲਵਿੰਦਰ ਕੌਸ਼ਲ, 'ਪੱਥਰ-ਚੱਟ' ਪ੍ਰਦੀਪ ਕੌੜਾ, 'ਬਾਜ਼ੀ' ਜਗਦੀਸ਼ ਰਾਏ ਕੁਲਰੀਆਂ, 'ਸਮੁੰਦਰੀ ਝੱਗ' ਪ੍ਰਦੀਪ ਮਹਿਤਾ, 'ਧਰਮ ਬੀਰ' ਇੰਦਰ ਸਿੰਘ ਬਨਭੌਰੀ, 'ਉਂਗਲਾਂ ਬੋਲਦੀਆਂ' ਮੰਗਤ ਕੁਲਜਿੰਦ, 'ਫੋਟੋ' ਸੋਮਾ ਕਲਸੀਆਂ, 'ਵਿਰਾਸਤ ਕਵਿਤਾ' ਰਾਜਬੰਸ, 'ਵਿਲੱਖਣ ਵਿਆਹ' ਕੈਲਾਸ਼ ਠਾਕੁਰ, 'ਅਵਾਜ਼ਾਂ' ਜਸਬੀਰ ਢੰਡ, 'ਪੱਗ' ਨਿਰੰਜਣ ਬੋਹਾ, 'ਮੋਹ ਦੀਆਂ ਤੰਦਾਂ' ਬੁੱਧ ਸਿੰਘ ਨਡਾਲੋਂ, 'ਰੌਸ਼ਨੀ' ਨਾਇਬ ਸਿੰਘ ਮੰਡੇਰ।

ਭਾਗ ਦੂਜਾ ਚੋਣਵੀਂ ਪੰਜਾਬੀ ਕਵਿਤਾ: ਸਰਵੇਖਣ ਅਤੇ ਮੁਲੰਕਣ ਅਰਵਿੰਦਰ ਕੌਰ ਕਾਕੜਾ; ਪੰਜਾਬੀ ਰਿਕਾਰਡ ਗੀਤਕਾਰੀ: ਸਰਵੇਖਣ ਤੇ ਮੁਲੰਕਣ ਸਿਮਰਨਜੀਤ ਸਿੰਘ ਵੱਲੋਂ ਹੋਇਆ ਹੈ। ਇਸ ਵਿੱਚ ਨਾਮਵਰ ਗੀਤਕਾਰਾਂ ਦੀਆਂ 35 ਮਿਆਰੀ ਤੇ ਯਾਦਗਾਰੀ ਰਚਨਾਵਾਂ ਹਨ। 'ਫਤਿਹ ਇਬਾਰਤ' ਸਤਿੰਦਰ ਸਰਤਾਜ, 'ਪੰਜਾਬ ਬੋਲਦਾ' ਰਣਜੀਤ ਬਾਵਾ, 'ਚੱਲ ਜਿੰਦੀਏ' ਅਮਰਿੰਦਰ ਗਿੱਲ, 'ਬੰਦ ਦਰਵਾਜੇ' ਅਮਰਿੰਦਰ ਗਿੱਲ, 'ਹੈਪੀਨੈਸ' ਤਰਸੇਮ ਜੱਸੜ, 'ਚੁੰਨੀ' ਕੁਲਵਿੰਦਰ ਬਿੱਲਾ, 'ਬਾਪੂ' ਅੰਮ੍ਰਿਤ ਮਾਨ, 'ਜੰਮੇ ਨਾਲ ਦੇ' ਰਾਜਵੀਰ ਜਵੰਧਾ, 'ਜਵਾਨੀ ਜ਼ਿੰਦਾਬਾਦ' ਕੰਵਰ ਗਰੇਵਾਲ-ਹਰਫ਼ ਚੀਮਾ, 'ਪਹਾੜਾਂ ਵੱਲ ਦੇਖੀਏ' ਮਨਪ੍ਰੀਤ, 'ਪੰਜਾਬੀ ਨਜ਼ਮ ਜਾਣ-ਪਛਾਣ' ਗੁਰਪ੍ਰੀਤ ਨੇ ਕਰਵਾਈ ਹੈ, ਜਿਸ ਵਿੱਚ ਚੋਣਵੀਂ ਪੰਜਾਬੀ ਕਵਿਤਾ, 'ਬਿੰਦੀ' ਅਮਰਜੀਤ ਚੰਦਨ, 'ਅਮੀਰ' ਅੰਬਰੀਸ਼, 'ਦੁੱਖ' ਅਮਰਜੀਤ ਕੌਂਕੇ, 'ਪਰਮੇਸ਼ਰ ਦੀ ਪਤਨੀ' ਸੁਖਪਾਲ, 'ਬੇਉਨਵਾਨ' ਸਵਰਨਜੀਤ ਸਵੀ, 'ਇੱਕ ਪਿਆਰ ਕਵਿਤਾ' ਸਤਪਾਲ ਭੀਖੀ, 'ਭੁੱਲਣਹਾਰ' ਸਵਾਮੀ ਅੰਤਰ ਨੀਰਵ, 'ਧੀ ਦਾ ਪਿਉ' ਸੰਦੀਪ ਸ਼ਰਮਾ, 'ਬੇਉਣਵਾਨ' ਸ਼ਿਵਦੀਪ, 'ਅਟੈਚੀ' ਸੰਦੀਪ ਜਸਵਾਲ, 'ਤਵੀ' ਸਰਬਜੀਤ ਕੌਰ ਜੱਸ, 'ਵਿਦਾ ਹੋਣ ਵੇਲੇ' ਹਰਮੀਤ ਵਿਦਿਆਰਥੀ, 'ਥੋੜ੍ਹਾ ਆਪਣੀ ਤਰ੍ਹਾਂ' ਗੁਲ ਚੌਹਾਨ, 'ਕੁੜੀਓ' ਕਰਨਜੀਤ ਕੋਮਲ, 'ਸਰਦੀ' ਗੁਰਦੇਵ ਚੌਹਾਨ, 'ਖੂਹ' ਜਸਵੰਤ ਜ਼ਫ਼ਰ, 'ਛੋਟੀ ਉਡਾਣ' ਜਗਦੀਪ ਸਿੱਧੂ, 'ਚਰਖਾ' ਜਗਦੀਪ ਜਵਾਹਰਕੇ, 'ਕੋਈ ਗੁੰਮ ਹੈ' ਤਨਵੀਰ, 'ਸਿਆਹ-ਕਾਲ਼ਾ' ਤਰਸੇਮ, 'ਰਿਸ਼ਤੇ' ਦਰਸ਼ਨ ਬੁੱਟਰ, 'ਧਰਤੀ ਦਾ ਅਪਮਾਨ' ਨਵਤੇਜ ਭਾਰਤੀ, 'ਕਵੀ ਦਾ ਦਿਲ' ਨੀਤੂ ਅਰੋੜਾ, '15 ਅਗਸਤ' ਨਰਿੰਦਰ ਪਾਲ ਕੌਰ, 'ਕਵੀ ਦਾ ਘਰ' ਪਰਮਿੰਦਰ ਸੋਢੀ, 'ਫੋਕਸ' ਪਾਲ ਕੌਰ, 'ਏਕਾਂਤ ਨੂੰ ਹੋਰ ਨਾ ਤਰਾਸ਼' ਭੁਪਿੰਦਰਪ੍ਰੀਤ, 'ਭੁੱਲਣਾ ਨਾ ਭੁੱਲਣਾ' ਮੋਹਨਜੀਤ, 'ਛਤਰੀ' ਮਿੰਦਰ, 'ਸ਼ਬਦ ਸ਼ਬਦ' ਮਨਮੋਹਨ, 'ਚਾਚੀ' ਜੀਤ ਕੌਰ ਮਦਨ ਵੀਰਾ, 'ਰੋਕ ਇਸ ਨੂੰ' ਰਾਜਵਿੰਦਰ ਮੀਰ, 'ਤਿੰਨ ਅਹਿਸਾਸ' ਰੁਪਿੰਦਰ ਸਿੰਘ ਔਲਖ, 'ਦਰੱਖ਼ਤ' ਵਰਿੰਦਰ ਪਰਿਹਾਰ, 'ਮੇਰਾ 2021' ਨਵਤੇਜ ਭਾਰਤੀ, ਚੋਣਵੀਆਂ ਪੰਜਾਬੀ ਗ਼ਜ਼ਲਾਂ, ਚੋਣਕਾਰ ਗੁਰਤੇਜ ਕੁਹਾਰਵਾਲਾ ਇਸ ਭਾਗ ਵਿੱਚ 24 ਗ਼ਜ਼ਲਗੋ ਸ਼ਾਮਲ ਹਨ ਜਿਵੇਂ ਰਮਨ ਸੰਧੂ, ਪ੍ਰੀਤ ਮਨਪ੍ਰੀਤ, ਦੀਪਕ ਧਲੇਵਾਂ, ਮੁਕੇਸ਼ ਆਲਮ, ਸਤੀਸ਼ ਗੁਲਾਟੀ, ਵਿਜੇ ਵਿਵੇਕ, ਗੁਰਤੇਜ ਕੋਹਾਰਵਾਲਾ, ਜਗਜੀਤ ਸੰਧੂ, ਅਨੂ ਬਾਲਾ, ਸੁਨੀਲ ਚੰਦਿਆਣਵੀ, ਸਿਮਰਨਜੋਤ ਮਾਨ, ਵਾਹਿਦ, ਮਨਜੀਤ ਪੁਰੀ, ਰਾਜਵੰਤ ਰਾਜ, ਬਰਜਿੰਦਰ ਚੌਹਾਨ, ਜਗਵਿੰਦਰ ਜੋਧਾ, ਰਣਜੀਤ ਸਰਾਂਵਾਲੀ, ਕਵਿੰਦਰ ਚਾਂਦ, ਜੋਗਿੰਦਰ ਨੂਰਮੀਤ ਅਤੇ ਕਰਮਜੀਤ ਕੌਰ 'ਜਲਾਲ'।

ਭਾਗ ਤੀਜੇ ਵਿੱਚ 19 ਚੋਣਵੀਆਂ ਵਾਰਤਕ ਰਚਨਾਵਾਂ ਸ਼ਾਮਲ ਕੀਤੀਆਂ ਗਈਆਂ ਹਨ, ਜਿਸ ਵਿੱਚ 'ਗੁਰੂ ਨਾਨਕ ਪਾਤਸ਼ਾਹ ਨੂੰ ਮਿਲਦਿਆਂ' ਵਰਿਆਮ ਸਿੰਘ ਸੰਧੂ, 'ਜਿਹਨਾਂ ਤੋਂ ਪੰਥ ਨੂੰ ਵਿਛੋੜਿਆ ਨਹੀਂ ਗਿਆ' ਜਸਵੰਤ ਸਿੰਘ ਜ਼ਫ਼ਰ, 'ਸਮਾਂ ਇਹੋ ਜਿਹਾ ਆ ਗਿਆ ਹੈ' ਸੁਰਜੀਤ ਪਾਤਰ, 'ਧੁੱਪਾਂ-ਛਾਂਵਾਂ' ਨਰਿੰਦਰ ਸਿੰਘ ਕਪੂਰ, 'ਅਨੂੰ ਤੇ ਸ਼ਿਵ' ਸੁਕੀਰਤ, 'ਭਾਈ ਰਾਮ ਸਿੰਘ' ਹਰਪਾਲ ਸਿੰਘ ਪੰਨੂੰ, 'ਗੋਰਖ ਨਾਥ ਦਾ ਚੇਲਾ-ਦੇਵ ਥਰੀਕੇ ਵਾਲਾ' ਗੁਰਮੀਤ ਕੜਿਆਲਵੀ, 'ਦੱਬੇ-ਕੁਚਲੇ ਲੋਕਾਂ ਦੀ ਮਸੀਹਾ-ਲੇਡੀ ਗੌਡਿਵਾ' ਹਰਜੀਤ ਅਟਵਾਲ, 'ਮੁੜ ਚੜ੍ਹਿਆ ਭਾਰਤੀ ਹਾਕੀ ਦਾ ਸੂਰਜ' ਸਵਰਨ ਸਿੰਘ, 'ਨਕਾਰਾ ਘੋੜਾ' ਨਿੰਦਰ ਘੁਗਿਆਣਵੀ, 'ਝਮੇਲਿਆਂ ਦਾ ਉਪਰੰਤ ਦਰਮਿਆਨ' ਵੀਰ ਦਵਿੰਦਰ ਸਿੰਘ, 'ਕਨੇਡਾ ਕਨੇਡਾ ਮੈਂ ਜਾਣਾ' ਜੋਗਿੰਦਰ ਬਾਠ, 'ਬੁਰਾ ਨਹੀਂ ਹੁੰਦਾ ਬੋਰ ਹੋਣਾ' ਅਤਿੰਦਰ ਸੰਧੂ, 'ਪੰਜਾਬ ਐਂਡ ਸੰਨਜ਼' ਚਰਨਜੀਤ ਭੁੱਲਰ, 'ਕੁਝ ਵਾਰਤਕ- ਟੋਟੇ' ਸਤੀਸ਼ ਕੁਮਾਰ ਵਰਮਾ, 'ਸਾਹਿਤਕ ਇਲਹਾਮ ਵੇਲੇ ਚੇਤਨ ਅਵਚੇਤਨ ਤੇ ਅਰਧ ਚੇਤਨ ਮੋਢਾ ਜੋੜ ਕੇ ਚਲਦੇ ਹਨ' ਗੁਰਬਚਨ ਸਿੰਘ ਭੁੱਲਰ, 'ਵਕਤ ਤੇ ਮੈਂ-ਇੱਕ ਅਧੂਰੀ ਲਿਖਤ' ਮਕਸੂਦ ਸਾਕਿਬ, 'ਉੱਚਾ ਬੁਰਜ ਲਾਹੌਰ ਦਾ' ਹਰਕੀਰਤ ਚਾਹਲ ਅਤੇ 'ਵੇਖਿਆ ਸ਼ਹਿਰ ਬੰਬਈ' ਗੁਰਚਰਨ ਸਿੰਘ ਸੱਗੂ ਹੋਰਾਂ ਦੀਆਂ ਕਿਰਤਾਂ ਸ਼ਾਮਲ ਹਨ।

ਭਾਗ ਚੌਥਾ 'ਕਿਸਾਨੀ ਸੰਘਰਸ਼ ਵਿੱਚ ਰੰਗਮੰਚ' ਕੇਵਲ ਧਾਲੀਵਾਲ, 'ਕਿਸਾਨੀ ਅੰਦੋਲਨ ਨੂੰ ਸਮਰਪਿਤ ਰਿਹਾ 2021 ਦਾ ਪੰਜਾਬੀ ਰੰਗਮੰਚ' ਹਰਪ੍ਰੀਤ ਸਿੰਘ, ਭਾਗ ਪੰਜਵਾਂ ਵਿੱਚ ਪੰਜਾਬੀ ਨਾਵਲ: ਸਰਵੇਖਣ ਤੇ ਮੁਲੰਕਣ ਜੇ.ਬੀ. ਸੇਖੋਂ ਅਤੇ ਭਾਗ ਛੇਵਾਂ ਪੰਜਾਬੀ ਫ਼ਿਲਮਾਂ: ਸਰਵੇਖਣ ਤੇ ਮੁਲੰਕਣ ਇਕਬਾਲ ਸਿੰਘ ਚਾਨਾ ਵੱਲੋਂ ਕੀਤਾ ਗਿਆ ਹੈ। ਇਸ ਪੁਸਤਕ ਦਾ ਪ੍ਰਕਾਸ਼ਨ ਸਪਤਰਿਸ਼ੀ ਪਬਲੀਕੇਸ਼ਨ ਚੰਡੀਗੜ੍ਹ ਵੱਲੋਂ ਕੀਤਾ ਗਿਆ ਹੈ। ਇਸ ਵੱਡ ਅਕਾਰੀ ਪੁਸਤਕ ਦੇ 540 ਪੰਨੇ ਅਤੇ ਮੁੱਲ 800 ਰੁਪਏ ਰੱਖਿਆ ਗਿਆ ਹੈ। ਪੁਸਤਕ ਦਾ ਹਾਰਦਿਕ ਸਵਾਗਤ ਹੈ।




ਪੁਸਤਕ ਦਾ ਸਰਵਰਕ



ਬਲਦੇਵ ਸਿੰਘ ਧਾਲੀਵਾਲ

## ਅਸੁਰੱਖਿਅਤ ਗਰਭਪਾਤ

ਪਾਪੂਲੇਸ਼ਨ ਫੰਡ ਦੀ ਰਿਪੋਰਟ ਅਨੁਸਾਰ ਦੁਨੀਆਂ ਵਿੱਚ ਹਰ ਸਾਲ ਤਿੰਨ ਕਰੋੜ ਮਾਮਲੇ ਹੁੰਦੇ ਹਨ। ਰਿਪੋਰਟ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਸਿਰਫ 28 ਫੀਸਦੀ ਦੇਸ਼ਾਂ ਵਿੱਚ ਗਰਭਪਾਤ ਨੂੰ ਕਾਨੂੰਨੀ ਮਾਨਤਾ ਦਿੱਤੀ ਗਈ ਹੈ। ਹੋਰ 36 ਫ਼ੀਸਦੀ ਦੇਸ਼ਾਂ ਵਿੱਚ ਕਾਨੂੰਨੀ ਪ੍ਰਵਾਨਗੀ ਦੀ ਲੋੜ ਨਹੀਂ ਹੈ, ਬਸ਼ਰਤੇ ਲੜਕੀ ਬਾਲਗ ਹੋਵੇ। ਬਾਕੀ ਦੇ 63 ਦੇਸ਼ਾਂ ਵਿੱਚ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਇਨ੍ਹਾਂ ਦੇਸ਼ਾਂ ਵਿੱਚ ਪਾਬੰਦੀਆਂ ਦੇ ਚਲਦਿਆਂ ਅਸੁਰੱਖਿਅਤ ਗਰਭਪਾਤ ਦੇ ਜ਼ਿਆਦਾ ਮਾਮਲੇ ਆ ਰਹੇ ਹਨ। ਦੂਜੇ ਬੰਨੇ ਵਿਸ਼ਵ ਸਿਹਤ ਸੰਸਥਾ ਦੀ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਵਿਸ਼ਵ ਭਰ ਵਿੱਚ ਮੌਤਾਂ ਦੀ ਵੱਡੀ ਵਜ੍ਹਾ ਅਸਰੱਖਿਅਤ ਗਰਭਪਾਤ ਹੈ। ਸੰਸਾਰ ਪੱਧਰ ਉਤੇ 13.2 ਫੀਸਦੀ ਮੌਤਾਂ ਅਸੁਰੱਖਿਅਤ ਗਰਭਪਾਤ ਕਾਰਨ ਹੋ ਰਹੀਆਂ ਹਨ।

ਇੱਥੇ ਇਹ ਦੱਸਣਾ ਜਰੂਰੀ ਹੋਵੇਗਾ ਕਿ ਭਾਰਤ ਦਾ ਨਾਂ ਸਭ ਤੋਂ ਘੱਟ ਗਰਭਪਾਤ ਵਾਲੇ ਪੰਜ ਦੇਸ਼ਾਂ ਵਿੱਚ ਆਉਂਦਾ ਹੈ। ਪੁਰਤਗਾਲ ਵਿੱਚ ਗਰਭਪਾਤ ਨਾ ਮਾਤਰ ਹੋ ਰਹੇ ਹਨ। ਉਸ ਤੋਂ ਬਾਅਦ ਮੈਕਸੀਕੋ, ਕਤਰ ਅਤੇ ਆਸਟਰੀਆ ਦਾ ਨਾਂ ਆਉਂਦਾ ਹੈ। ਭਾਰਤ ਨੂੰ ਪੰਜਵੇਂ ਥਾਂ 'ਤੇ ਦੱਸਿਆ ਗਿਆ ਹੈ। ਸਭ ਤੋਂ ਵੱਧ ਗਰਭਪਾਤ ਰੂਸ ਵਿੱਚ ਹੋ ਰਹੇ ਹਨ। ਉਸ ਤੋਂ ਬਾਅਦ ਵੀਅਤਨਾਮ ਨੂੰ ਰੱਖਿਆ ਗਿਆ ਹੈ।

ਭਾਰਤ ਵਿੱਚ ਗਰਭਵਤੀ ਮਹਿਲਾਵਾਂ ਦੀ ਸਿਹਤ ਅਤੇ ਸੁਰੱਖਿਆ ਤੇ ਫਿਕਰਮੰਦੀ ਜ਼ਾਹਰ ਕਰਦਿਆਂ ਸੁਪਰੀਮ ਕੋਰਟ ਦੇ ਸਾਬਕਾ ਚੀਫ ਜਸਟਿਸ ਖੇਹਰ ਵੱਲੋਂ ਜਿਲ੍ਹਾ ਪੱਧਰ 'ਤੇ ਮੈਡੀਕਲ ਬੋਰਡ ਗਠਨ ਕਰਨ ਦੇ ਹੁਕਮ ਦਿੱਤੇ ਗਏ ਸਨ। ਰਾਜ ਸਰਕਾਰਾਂ ਨੂੰ ਪੀੜਤ ਔਰਤਾਂ ਨੂੰ ਸਮੇਂ ਸਿਰ ਰਾਹਤ ਦੇਣ ਅਤੇ ਅਦਾਲਤਾਂ ਦੇ ਚੱਕਰਾਂ ਤੋਂ ਛੁਟਕਾਰਾ ਦਿਵਾਉਣ ਲਈ ਕਿਹਾ ਗਿਆ ਸੀ। ਦੇਸ਼ ਦੇ ਨਿਯਮ ਇਸ ਸਬੰਧ ਵਿੱਚ ਕਹਿੰਦੇ ਹਨ ਕਿ ਡਾਕਟਰਾਂ ਦੀ ਸਲਾਹ ਨਾਲ 20 ਤੋਂ 24 ਹਫ਼ਤੇ ਤੱਕ ਗਰਭਪਾਤ ਕੀਤਾ ਜਾ ਸਕਦਾ ਹੈ। ਉਸ ਤੋਂ ਬਾਅਦ ਸ਼ੈਕਸ਼ਨ 26 ਤਹਿਤ ਹਾਈ ਕੋਰਟ ਅਤੇ ਸੈਕਸ਼ਨ 32 ਤਹਿਤ ਸੁਪਰੀਮ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਜਾ ਸਕਦੀ ਹੈ। ਅਦਾਲਤਾਂ ਵੀ ਮੈਡੀਕਲ ਬੋਰਡ ਦੀ ਇਜਾਜ਼ਤ ਨਾਲ ਹੀ ਆਗਿਆ ਦੇ ਸਕਦੀਆਂ ਹਨ।

ਡਾਕਟਰਾਂ ਅਨੁਸਾਰ ਗਰਭ ਧਾਰਨ ਕਰਨ ਦੇ ਚਾਰ ਹਫਤਿਆਂ ਤੱਕ ਭਰੂਣ ਇੱਕ ਅਕਾਰ ਲੈਣ ਲੱਗਦਾ ਹੈ। ਉਸ ਦੇ ਚਿਹਰੇ ਤੇ ਗਲੇ ਦਾ ਆਕਾਰ ਬਣ ਜਾਂਦਾ ਹੈ ਅਤੇ ਦਿਲ ਤੇ ਫੇਫੜਿਆਂ ਦਾ ਵਿਕਾਸ ਸ਼ੁਰੂ ਹੋ ਜਾਂਦਾ ਹੈ। ਪੰਜ ਮਹੀਨਿਆਂ ਤੱਕ ਭਰੂਣ ਦਾ ਅਕਾਰ ਕਰੀਬ ਛੇ ਇੰਚ ਲੰਬਾ ਹੋ ਜਾਂਦਾ ਹੈ ਅਤੇ ਇਸ ਦਾ ਭਾਰ 280 ਗ੍ਰਾਮ ਹੋ ਜਾਂਦਾ ਹੈ। ਭਰੂਣ ਆਪਣਾ ਅੰਗੂਠਾ ਚੂਸਣ ਲਗ ਪੈਂਦਾ ਹੈ। ਛੇ ਮਹੀਨਿਆਂ ਦੇ ਭਰੂਣ ਦਾ ਭਾਰ 630 ਗ੍ਰਾਮ ਹੋ ਜਾਂਦਾ ਹੈ ਅਤੇ ਕੰਨ ਪੂਰੀ ਤਰ੍ਹਾਂ ਵਿਕਸਿਤ ਹੋ ਚੁੱਕੇ ਹੁੰਦੇ ਹਨ। ਸੱਤ ਮਹੀਨਿਆਂ ਦਾ ਭਰੂਣ ਮੁਕੰਮਲ ਹੋ ਚੁੱਕਾ ਹੈ। ਸੋ ਇਸ ਸਟੇਜ 'ਤੇ ਆ ਕੇ ਗਰਭਪਾਤ ਖ਼ਤਰੇ ਤੋਂ ਖਾਲੀ ਨਹੀਂ।

ਸੁਪਰੀਮ ਕੋਰਟ ਦੇ ਜੱਜਾਂ ਦੇ ਇੱਕ ਸਾਂਝੇ ਬੈਂਚ ਨੇ 2017 ਨੂੰ ਪ੍ਰਾਈਵੇਸੀ ਮਾਮਲੇ ਦੇ ਫ਼ੈਸਲੇ ਤਹਿਤ ਗਰਭ ਧਾਰਨ ਅਤੇ ਗਰਭਪਾਤ ਦੇ ਅਧਿਕਾਰ ਨੂੰ ਸੰਵਿਧਾਨ ਦੇ ਸੈਕਸ਼ਨ 22 ਅਤੇ 19 ਤਹਿਤ ਜੀਵਨ ਤੇ ਸੁਤੰਤਰਤਾ ਦੇ ਅਧਿਕਾਰ ਨਾਲ ਜੋੜ ਦਿੱਤਾ ਸੀ, ਪਰ ਆਈ.ਪੀ.ਸੀ. ਦੀ ਧਾਰਾ 312 ਅਤੇ 313 ਤਹਿਤ ਗਰਭਪਾਤ ਤੇ ਭਰੂਣ ਹੱਤਿਆ ਅਪਰਾਧ ਹੈ। ਇਸ ਕਰਕੇ ਐਮ.ਟੀ.ਪੀ. ਕਾਨੂੰਨ ਤਹਿਤ ਹੀ ਗਰਭਪਾਤ ਕਰਾਉਣ ਲਈ ਕਿਹਾ ਗਿਆ ਹੈ। ਇਸ ਕਾਨੂੰਨ ਨੂੰ ਬੇਵਜ੍ਹਾ ਇਸਤੇਮਾਲ ਨਹੀਂ ਕੀਤਾ ਜਾ ਸਕਦਾ ਹੈ।

ਮੁਲਕ ਵਿੱਚ ਅਸੁਰੱਖਿਅਤ ਗਰਭਪਾਤ ਕਾਰਨ ਹੋ ਰਹੀਆ ਮੌਤਾਂ ਚਿੰਤਾ ਦਾ ਵਿਸ਼ਾ ਤਾਂ ਹਨ ਹੀ, ਪਰ ਪੁਰਸ਼ ਦੀ ਹਵਸ ਦਾ ਸ਼ਿਕਾਰ ਹੋਈਆਂ ਔਰਤਾਂ ਦੇ ਦੁੱਖਾਂ ਦੀ ਕੋਈ ਥਾਂ ਨਹੀਂ ਹੁੰਦੀ ਹੈ। ਰਿਪੋਰਟਾਂ ਤਾਂ ਅਜਿਹੀਆਂ ਵੀ ਆ ਰਹੀਆਂ ਹਨ ਕਿ ਬਹੁਤੀ ਵਾਰ ਛੋਟੀ ਉਮਰ ਦੀਆਂ ਲੜਕੀਆਂ ਨੂੰ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਪਰਿਵਾਰਕ ਮਿੱਤਰਾਂ ਵਲੋਂ ਫੁਸਲਾ ਲਿਆ ਜਾਂਦਾ ਹੈ। ਚੰਡੀਗੜ੍ਹ ਵਿੱਚ ਇੱਕ ਮਾਮੇ ਵੱਲੋਂ 10 ਸਾਲਾਂ ਦੀ ਭਣੇਵੀ ਨੂੰ ਹਵਸ਼ ਦਾ ਸ਼ਿਕਾਰ ਬਣਾਇਆ ਗਿਆ ਸੀ ਅਤੇ ਬਾਅਦ ਵਿੱਚ ਇਸੇ ਲੜਕੀ ਨੇ ਬੱਚੇ ਨੂੰ ਜਨਮ ਦੇ ਦਿੱਤਾ ਸੀ। ਅਜਿਹੀਆਂ ਘਟਨਾਵਾਂ ਪੁਰਸ਼ਾਂ ਅਤੇ ਸਮਾਜ ਦੇ ਮੱਥੇ 'ਤੇ ਕਲੰਕ ਹੈ। ਦੁੱਖ ਤਾਂ ਇਹ ਕਿ ਹਬਸ਼ ਦੀਆਂ ਸ਼ਿਕਾਰ ਲੜਕੀਆਂ ਨੂੰ ਬਹੁਤ ਵਾਰ ਅਦਾਲਤਾਂ ਵਿੱਚ ਜਾ ਕੇ ਕਿਸੇ ਨਾ ਕਿਸੇ ਮਜਬੂਰੀ ਵੱਸ ਮੁੱਕਰਨਾ ਪੈ ਜਾਂਦਾ ਹੈ ਅਤੇ ਰਾਖਸ਼ ਬਿਰਤੀ ਦੇ ਲੋਕ ਬਰੀ ਹੋ ਜਾਂਦੇ ਹਨ। ਲੋੜ ਤਾਂ ਬਲਾਤਕਾਰੀਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਦੀ ਹੈ ਤਾਂ ਜੋ ਔਰਤਾਂ ਤੇ ਬੱਚੀਆਂ ਬਿਨਾਂ ਕਿਸੇ ਡਰ ਤੋਂ ਜ਼ਿੰਦਗੀ ਵਿੱਚ ਵਿਚਰ ਸਕਣ। ਬਹੁਤ ਵਾਰ ਤਾਂ ਅਜਿਹੀਆਂ ਘਟਨਾਵਾਂ ਵੀ ਵਾਪਰਦੀਆਂ ਹਨ ਕਿ ਕਈ ਪਰਿਵਾਰ ਸਮਾਜ ਤੋਂ ਡਰਦਿਆਂ ਕਲੰਕਿਤ ਘਟਨਾਵਾਂ ਨੂੰ ਲੈ ਕੇ ਮੂੰਹ ਖੋਲ੍ਹਣ ਤੋਂ ਵੀ ਡਰਦੇ ਹਨ। ਹਥਲੀ ਰਿਪੋਰਟ ਵਿੱਚ ਸਿਰਫ਼ ਉਹੀ ਅੰਕੜੇ ਅੰਕਿਤ ਕੀਤੇ ਗਏ ਹਨ, ਜਿਹੜੇ ਸਰਕਾਰ ਦੇ ਰਿਕਾਰਡ ਵਿੱਚ ਹਨ। ਸਮਾਜਿਕ ਤੌਰ 'ਤੇ ਨਿਬੇੜ ਲਏ ਗਏ ਮਾਮਲਿਆਂ ਦੀ ਗਿਣਤੀ ਇਸ ਤੋਂ ਵੱਖਰੀ ਹੈ। ਸੈਂਕੜੇ ਮਾਮਲੇ ਅਜਿਹੇ ਵੀ ਹਨ, ਜਿਹੜੇ ਦੱਬ ਕੇ ਰਹਿ ਜਾਂਦੇ ਹਨ ਜਾਂ ਦਬਾ ਲਏ ਜਾਂਦੇ ਹਨ।

## 'ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ'

# ਸਾਈਂ ਮੀਆਂ ਮੀਰ

**"ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੌਜਵਾਨ ਲੇਖਕ ਅਲੀ ਰਾਜਪੁਰਾ ਵਲੋਂ ਖੋਜ ਕਰ ਕੇ ਤਿਆਰ ਕੀਤੀ ਗਈ ਭਾਈਚਾਰਕ ਸਾਂਝ ਸਬੰਧੀ ਇੱਕ ਪੜ੍ਹਨਯੋਗ ਪੁਸਤਕ ਹੈ। ਲੇਖਕ ਹੁਣ ਤੱਕ 19 ਪੁਸਤਕਾਂ ਲਿਖ ਚੁੱਕਾ ਹੈ। ਅਸੀਂ ਸੁਹਿਰਦ ਪਾਠਕਾਂ ਲਈ "ਸਿੱਖਾਂ ਤੇ ਮੁਸਲਮਾਨਾਂ ਦੀ ਇਤਿਹਾਸਕ ਸਾਂਝ" ਪੁਸਤਕ ਨੂੰ 'ਪੰਜਾਬੀ ਪਰਵਾਜ਼' ਵਿੱਚ ਲੜੀਵਾਰ ਛਾਪਣ ਦੀ ਖੁਸ਼ੀ ਲੈ ਰਹੇ ਹਾਂ। ਇਸ ਅੰਕ ਵਿੱਚ ਸਾਈਂ ਮੀਆਂ ਮੀਰ ਜੀ ਦਾ ਵੇਰਵਾ ਹੈ, ਜਿਸ ਦਾ ਪਹਿਲਾ ਤੇ ਦੂਜਾ ਹਿੱਸਾ ਪਿਛਲੇ ਅੰਕਾਂ ਵਿੱਚ ਛਾਪ ਚੁਕੇ ਹਾਂ। ਪੇਸ਼ ਹੈ, ਇਸ ਲੇਖ ਦਾ ਤੀਜਾ ਹਿੱਸਾ...**

**ਅਲੀ ਰਾਜਪੁਰਾ**
**ਫੋਨ:+91-9417679302**



-ਲੜੀ ਜੋੜਨ ਲਈ ਪਿਛਲਾ ਅੰਕ ਪੜ੍ਹੋ-

"ਗੁਰ ਪ੍ਰਤਾਪ ਸੂਰਜ ਗ੍ਰੰਥ" ਅਨੁਸਾਰ ਗੁਰੂ ਅਰਜਨ ਦੇਵ ਜੀ ਨੇ ਇਹ ਸਲੋਕ ਜਹਾਂਗੀਰ ਦੇ ਦਰਬਾਰ ਵਿੱਚ ਉਚਾਰਣ ਕੀਤਾ ਸੀ। ਇਸ ਸਾਕੇ ਦਾ ਰਾਜਨੀਤਕ ਪੱਖੋਂ ਚਾਹੇ ਜਿਵੇਂ ਵੀ ਵਿਸ਼ਲੇਸ਼ਣ ਕੀਤਾ ਜਾਵੇ, ਪਰ ਇਸ ਵਿੱਚ ਕੋਈ ਸ਼ੱਕ ਨਹੀਂ ਕਿ ਇਸ ਦਾ ਦੁੱਖ ਲੋਕਾਂ ਨੇ ਆਮ ਤੌਰ 'ਤੇ ਕੀਤਾ, ਜਿਸ ਦੀ ਸਭ ਤੋਂ ਵੱਡੀ ਮਿਸਾਲ ਸਾਈਂ ਮੀਆਂ ਮੀਰ ਜਿਹੀ ਸ਼ਖ਼ਸੀਅਤ ਸਨ। ਸਿੱਖ ਰਵਾਇਤਾਂ ਅਨੁਸਾਰ ਜਦੋਂ ਗੁਰੂ ਅਰਜਨ ਦੇਵ ਜੀ ਦੀ ਗ੍ਰਿਫ਼ਤਾਰੀ ਦੀ ਖ਼ਬਰ ਫੈਲੀ ਤਾਂ ਉਨ੍ਹਾਂ ਦੇ ਚਾਹੁਣ ਵਾਲ਼ਿਆਂ ਨੂੰ ਗਹਿਰਾ ਸਦਮਾ ਲੱਗਿਆ। ਉਨ੍ਹਾਂ ਦੇ ਸਾਥੀ ਸੰਤ ਤੇ ਦਰਵੇਸ਼ ਇਕੱਠੇ ਹੋ ਕੇ ਮੀਆਂ ਮੀਰ ਦੇ ਕੋਲ਼ ਆਏ ਅਤੇ ਉਨ੍ਹਾਂ ਨੂੰ ਸਾਰੀ ਦਾਸਤਾਨ ਸੁਣਾ ਕੇ ਕਿਹਾ ਕਿ ਹੁਣ ਉਹ ਗੁਰੂ ਜੀ ਦੀ ਰਿਹਾਈ ਦਾ ਕੋਈ ਉਪਾਅ ਲੱਭਣ। ਇਹ ਸੁਣ ਕੇ ਮੀਆਂ ਮੀਰ ਜੀ ਬੇਚੈਨ ਹੋ ਗਏ ਅਤੇ ਤੁਰੰਤ ਉੱਠ ਕੇ ਉਸ ਥਾਂ ਪੁੱਜੇ, ਜਿੱਥੇ ਗੁਰੂ ਜੀ ਕੈਦ ਸਨ। ਚੰਦੂ ਸ਼ਾਹ ਉਨ੍ਹਾਂ ਨੂੰ ਸਖ਼ਤ ਸਜ਼ਾ ਦੇ ਰਿਹਾ ਸੀ ਅਤੇ ਸਿਪਾਹੀਆਂ ਨੂੰ ਆਦੇਸ਼ ਦਿੱਤੇ ਹੋਏ ਸਨ ਕਿ ਨਾ ਤਾਂ ਕਿਸੇ ਨੂੰ ਮਿਲਣ ਦਿੱਤਾ ਜਾਵੇ, ਨਾ ਗੁਰੂ ਜੀ ਨੂੰ ਕੁਝ ਖਾਣ-ਪੀਣ ਵਾਸਤੇ ਦਿੱਤਾ ਜਾਵੇ। ਜਿਵੇਂ ਕਿ ਭਾਈ ਸੰਤੋਖ ਸਿੰਘ ਜੀ ਨੇ ਲਿਖਿਆ ਹੈ:

ਨਿਕਟਿ ਬੁਲਾ ਆਪਨਿ ਸਿਪਾਹੀ। ਜਲ ਭੋਜਨ ਪਹੁੰਚਨਿ ਦਿਹੁ ਨਾਹੀਂ।

ਜਬਿ ਲਾਗਹਿ ਗੀ ਤ੍ਰਿਖਾ ਮਹਾਨੀ। ਦੇ ਗਿਨ ਲਾਖ ਦੇਹੁ ਤਬਿ ਪਾਨੀ।

ਬਯਾਕੁਲ ਹੋਇ ਛੁਧਿਤਿ ਬਹੁ ਜਬੈ। ਲੋਹੁ ਲਾਖ ਦਿਹੁ ਭੋਜਨ ਤਬੈ।

ਨਿੰਦ੍ਰਾ ਦੇ ਜਬਿ ਸੁਪਤਨਿ ਚਹੈ। ਦੇਹਿ ਲਾਖ ਤੌਂ ਸੋਵਨਿ ਲਹੈ।

ਭਾਵ ਚੰਦੂ ਨੇ ਆਪਣੇ ਸਿਪਾਹੀ ਕੋਲ਼ ਸੱਦ ਕੇ ਹੁਕਮ ਦਿੱਤਾ ਸੀ ਕਿ ਕਿਸੇ ਨੂੰ ਪਾਣੀ ਤੇ ਭੋਜਨ ਲੈ ਕੇ ਨਾ ਜਾਣ ਦਿੱਤਾ ਜਾਵੇ। ਜਦੋਂ ਪਿਆਸ ਅਤੇ ਭੁੱਖ ਸਤਾਏਗੀ ਤਾਂ ਅੰਦਰੋਂ ਮੰਗ ਆਏਗੀ। ਉਦੋਂ ਹਰ ਚੀਜ਼ ਲਈ ਇੱਕ ਲੱਖ ਰੁਪਏ ਦੀ ਸ਼ਰਤ ਰੱਖੀ ਜਾਵੇ।

ਉਪਰੋਕਤ ਸਾਰੀਆਂ ਪਾਬੰਦੀਆਂ ਦੇ ਬਾਵਜੂਦ ਸਾਈਂ ਮੀਆਂ ਮੀਰ ਕੈਦਖਾਨੇ ਵਿੱਚ ਪੰਚਮ ਗੁਰੂ ਜੀ ਨੂੰ ਮਿਲਣ ਪੁੱਜੇ। ਉਨ੍ਹਾਂ ਦੀ ਦੁੱਖਦਾਈ ਹਾਲਤ ਵੇਖ ਕੇ ਬਹੁਤ ਦੁਖੀ ਹੋਏ। ਆਪਣੀ ਸਮਰੱਥਾ ਅਨੁਸਾਰ ਮਦਦ ਕਰਨ ਲਈ ਪੇਸ਼ਕਸ਼ ਕੀਤੀ ਅਤੇ ਮੁਗ਼ਲਾਂ ਦੀ ਬਰਬਾਦੀ ਲਈ ਆਪਣੀ ਰੂਹਾਨੀ ਸ਼ਕਤੀ ਦਾ ਇਸਤੇਮਾਲ ਕਰਨ ਲਈ ਇਜਾਜ਼ਤ ਮੰਗੀ। ਜਿਸ ਦਾ ਵਰਣਨ ਭਾਈ ਸੰਤੋਖ ਸਿੰਘ ਜੀ ਨੇ ਇੰਝ ਕੀਤਾ ਹੈ:

ਅਵਸਰ ਪਾਇ ਪੀਰ ਪੁੰਨ ਆਏ। ਕਰਾਮਾਤ ਕਾਮਲ ਸਮੁਦਾਏ।

ਨਮੋ ਕਹੀ ਹੁਣਿ ਖਰੇ ਅਗਾਰੀ। ਕਯੋਂ ਤੁਮ ਸਹੋ ਕਸ਼ਟ ਤਨੁ ਭਾਰੀ।

ਹਤਹਿ ਦੁਸ਼ਟ ਦੋ ਬਿਲਮ ਨਾ ਲਾਵੈਂ। ਆਗਯਾ ਤਨਕ ਆਪ ਕੀ ਪਾਵੈਂ।

ਦਿੱਲੀ ਲਵ ਪੁਰਿ ਨਗਰ ਬਿਸਾਲੇ। ਅਬਿ ਲੇਵੋ ਨਿਜ ਹਾਥ ਉਠਾਲੇ।

ਦੁਹਨਿ ਭਿਰਾਵੋ ਜਿਉ ਕਰ ਤਾਰੀ। ਦੇਉ ਨਾਸ ਕਰਿ, ਲਗਹਿ ਨਾ ਬਾਰੀ।

ਕਯੋਂ ਇਤਨੇ ਦੁਖ ਸਹਹੁ ਗੁਸਾਈ। ਦਿਹੁ ਸਾਰਤ ਮੁਖ ਕਹਹੁ ਨ ਕਾਇ।

ਮੀਆਂ ਜੀ ਕੈਦਖ਼ਾਨੇ ਵਿੱਚ ਗੁਰੂ ਸਾਹਿਬ ਕੋਲ਼ ਪੁੱਜ ਗਏ ਅਤੇ ਉਨ੍ਹਾਂ ਨੂੰ ਪੇਸ਼ਕਸ਼ ਕੀਤੀ, "ਮੈਨੂੰ ਇਜਾਜ਼ਤ ਦਿਓ ਕਿ ਰੱਬੀ ਕ੍ਰਿਪਾ ਨਾਲ ਦਿੱਲੀ ਅਤੇ ਲਾਹੌਰ ਨੂੰ ਆਪਸ ਵਿੱਚ ਟਕਰਾ ਕੇ ਤਬਾਹ ਕਰ ਦੇਵਾਂ। ਜਿਨ੍ਹਾਂ ਸ਼ਹਿਰਾਂ ਵਿੱਚ ਅਜਿਹੇ ਜ਼ੁਲਮ ਹੋਣ, ਉਨ੍ਹਾਂ ਨੂੰ ਨਸ਼ਟ ਹੋ ਜਾਣਾ ਚਾਹੀਦਾ ਹੈ। ਤੁਸੀਂ ਇੰਨਾ ਦੁੱਖ ਕਿਉਂ ਸਹਿਣ ਕਰ ਰਹੇ ਹੋ? ਕਿਉਂ ਨਹੀਂ ਇਨ੍ਹਾਂ ਨੂੰ ਸਰਾਪ ਦੇ ਦਿੰਦੇ?"

ਮੀਆਂ ਜੀ ਦੀਆਂ ਗੱਲਾਂ ਸੁਣ ਕੇ ਗੁਰੂ ਜੀ ਨੇ ਰੱਬੀ ਭਾਣਾ ਮੰਨਦਿਆਂ ਕਿਹਾ, ਤੁਸੀਂ ਧੀਰਜ ਰੱਖੋ। ਸੂਫ਼ੀ ਅਤੇ ਸੰਤ ਭਾਵੇਂ ਰੂਹਾਨੀਅਤ ਦੇ ਉੱਚੇ ਦਰਜੇ 'ਤੇ ਹੁੰਦੇ ਹਨ, ਪਰ ਇਹ ਖ਼ੁਦਾਈ ਮਾਮਲੇ ਵਿੱਚ ਕੋਈ ਦਖ਼ਲ ਨਹੀਂ ਦਿੰਦੇ। ਹਮੇਸ਼ਾ ਰੱਬੀ ਰਜ਼ਾ ਨਾਲ ਰਾਜ਼ੀ ਰਹਿੰਦੇ ਹਨ। ਜਿਹੜਾ ਕੁਝ ਮੇਰੇ ਨਾਲ ਹੋ ਰਿਹਾ ਹੈ, ਇਹ ਰੱਬ ਦੀ ਹੀ ਮਰਜ਼ੀ ਹੈ। ਇਸ ਦੇ ਵਿੱਚ ਕਿਸੇ ਦਾ ਕੋਈ ਦੋਸ਼ ਨਹੀਂ। ਸ਼ਾਇਦ ਰੱਬ ਆਪਣੇ ਬੰਦੇ ਦੇ ਸਬਰ ਦਾ ਇਮਤਿਹਾਨ ਲੈਣਾ ਚਾਹੁੰਦਾ ਹੈ। ਰਵਾਇਤਾਂ ਅਨੁਸਾਰ ਗੁਰੂ ਜੀ ਨੇ ਇਸ ਵੇਲ਼ੇ ਇਸ ਪਉੜੀ ਦਾ ਉਚਾਰਨ ਕੀਤਾ:

ਧਰਤਿ ਆਕਾਸੁ ਪਾਤਾਲ ਹੈ ਚੰਦੁ ਸੂਰੁ ਬਿਨਾਸੀ॥
ਬਾਦਿਸਾਹ ਸਾਹ ਉਮਰਾਵ ਖਾਨ ਢਹਿ ਡੇਰੇ ਜਾਸੀ॥
ਰੰਗ ਤੁੰਗ ਗਰੀਬ ਮਸਤ ਸਭੁ ਲੋਕੁ ਸਿਧਾਸੀ॥
ਕਾਜੀ ਸੇਖ ਮਸਾਇਕਾ ਸਭੇ ਉਠਿ ਜਾਸੀ॥
ਪੀਰ ਪੈਕਾਬਰ ਅਉਲੀਏ ਕੋ ਥਿਰੁ ਨ ਰਹਾਸੀ॥ (ਅੰਗ 1100)

ਉਪਰੋਕਤ ਪਉੜੀ ਰਾਹੀਂ ਗੁਰੂ ਸਾਹਿਬ ਨੇ ਮੀਆਂ ਮੀਰ ਜੀ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦੁਨੀਆਂ ਵਿੱਚ ਹਰ ਚੀਜ਼ 'ਫ਼ਾਨੀ' ਹੈ। ਇਸ ਲਈ ਤੁਸੀਂ ਮੇਰੀ ਚਿੰਤਾ ਛੱਡ ਦੇਵੋ, ਰੱਬੀ ਭਾਣੇ ਨੂੰ ਵਾਪਰਨ ਦਿਓ। ਬਾਕੀ ਸਦਾ ਰਹਿਣ ਵਾਲ਼ੀ ਹਸਤੀ ਤਾਂ ਰੱਬ ਦੀ ਹੀ ਹੈ ਅਤੇ ਸੰਸਾਰ ਵਿੱਚ ਹੁਕਮ ਵੀ ਉਸੇ ਦਾ ਚਲਦਾ ਹੈ।

ਬਾਅਦ ਦੇ ਜ਼ਮਾਨੇ ਵਿੱਚ ਜਹਾਂਗੀਰ ਨੇ ਸਿੱਖ ਗੁਰੂਆਂ ਪ੍ਰਤੀ ਆਪਣੀ ਨੀਤੀ ਵਿੱਚ ਤਬਦੀਲੀ ਕੀਤੀ ਤੇ ਸਾਈਂ ਮੀਆਂ ਮੀਰ ਜੀ ਦੇ ਸੁਝਾਅ ਮੰਨਦਿਆਂ ਗੁਰੂ ਹਰਿਗੋਬਿੰਦ ਸਿੰਘ ਜੀ ਨੂੰ 'ਗਵਾਲੀਅਰ' ਦੇ ਕਿਲ੍ਹੇ ਤੋਂ ਰਿਹਾਅ ਕਰ ਦਿੱਤਾ ਸੀ। ਇਨ੍ਹਾਂ ਦੀ ਰਿਹਾਈ ਦੇ ਨਾਲ ਹੀ ਬਵੰਜਾ ਕੈਦੀ ਰਾਜਿਆਂ ਨੂੰ ਵੀ ਰਿਹਾ ਕਰ ਦਿੱਤਾ ਸੀ, ਜਿਹੜੇ ਉਨ੍ਹਾਂ ਨਾਲ ਗਵਾਲੀਅਰ ਦੇ ਕਿਲ੍ਹੇ ਵਿੱਚ ਹੀ ਕੈਦ ਸਨ। ਜਹਾਂਗੀਰ ਨੇ ਇਨ੍ਹਾਂ ਸਾਰਿਆਂ ਨਾਲ ਸ਼ਾਂਤੀ ਸਮਝੌਤਾ ਕਰ ਲਿਆ ਸੀ। ਇਸ ਤੋਂ ਬਾਅਦ ਗੁਰੂ ਹਰਿਗੋਬਿੰਦ ਜੀ ਅਤੇ ਜਹਾਂਗੀਰ ਵਿੱਚ ਨੇੜਤਾ ਪੈਦਾ ਹੋ ਗਈ ਸੀ। ਇਸ ਘਟਨਾਕ੍ਰਮ ਤੋਂ ਜ਼ਾਹਰ ਹੁੰਦਾ ਹੈ ਕਿ ਅਖ਼ੀਰ ਵਿੱਚ ਗੁਰੂ ਸਾਹਿਬ ਅਤੇ ਮੁਗ਼ਲਾਂ ਵਿਚਕਾਰ ਨੇੜਲੇ ਸਬੰਧ ਪੈਦਾ ਹੋ ਗਏ। ਜਹਾਂਗੀਰ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਹੋਇਆ ਤੇ ਉਸ ਨੇ ਪਸ਼ਚਾਤਾਪ ਕੀਤਾ। ਇਤਿਹਾਸਕਾਰਾਂ ਅਨੁਸਾਰ ਜਹਾਂਗੀਰ ਤੋਂ ਬਾਅਦ ਸ਼ਾਹਜਹਾਂ ਨਾਲ ਵੀ ਗੁਰੂ ਸਾਹਿਬ ਦੇ ਸਬੰਧ ਕਾਫ਼ੀ ਦੇਰ ਤੱਕ ਖ਼ੁਸ਼ਗਵਾਰ ਰਹੇ। ਮੀਆਂ ਮੀਰ ਜੀ ਦੀ ਵੀ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਮਗਰੋਂ ਉਨ੍ਹਾਂ ਦੇ ਜਾਨਸ਼ੀਨ ਗੁਰੂ ਹਰਿਗੋਬਿੰਦ ਸਾਹਿਬ ਨਾਲ ਨਿੱਘੀ ਮੁਹੱਬਤ ਅਤੇ ਹਮਦਰਦੀ ਪੈਦਾ ਹੋ ਗਈ ਸੀ। ਜਿਸ ਦਾ ਸਭ ਤੋਂ ਵੱਡਾ ਸਬੂਤ ਇਹ ਮੰਨਿਆ ਜਾਂਦਾ ਹੈ ਕਿ ਜਦੋਂ ਗੁਰੂ ਹਰਿਗੋਬਿੰਦ ਸਾਹਿਬ ਜੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਤਾਂ ਮੀਆਂ ਮੀਰ ਜੀ ਨੇ ਫ਼ਕੀਰਾਂ ਅਤੇ ਦਰਵੇਸ਼ਾਂ ਨੂੰ ਨਾਲ ਲੈ ਕੇ ਬਾਦਸ਼ਾਹ ਪਾਸ ਰਿਹਾਈ ਦੀ ਸਿਫ਼ਾਰਸ਼ ਕੀਤੀ। ਉਦੋਂ ਤੱਕ ਲਾਹੌਰ ਨਾ ਮੁੜੇ, ਜਦੋਂ ਤੱਕ ਗੁਰੂ ਸਾਹਿਬ ਨੂੰ ਕੈਦ ਤੋਂ ਰਿਹਾਅ ਨਾ ਕਰ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਜੀ ਵੀ ਮੀਆਂ ਮੀਰ ਜੀ ਦੀ ਬਹੁਤ ਕਦਰ ਕਰਦੇ ਸਨ।

'ਇਤਿਹਾਸ ਗੁਰੂ ਸਾਹਿਬਾਨ' (ਪੰਨਾ 150) 'ਤੇ ਦਰਜ ਮਿਲਦਾ ਹੈ ਕਿ ਗੁਰੂ ਅਮਰਦਾਸ ਜੀ ਦੇ ਕਹਿਣ ਉੱਤੇ ਬਾਦਸ਼ਾਹ ਅਕਬਰ ਨੇ ਸਤੀ ਪ੍ਰਥਾ ਨੂੰ ਬੰਦ ਕਰਨ ਹਿੱਤ ਸ਼ਾਹੀ ਐਲਾਨਨਾਮਾ ਜਾਰੀ ਕੀਤਾ ਸੀ ਕਿ ਮੇਰੇ ਰਾਜ ਵਿੱਚ ਕਿਸੇ ਔਰਤ ਨੂੰ ਸਤੀ ਹੋਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਇਸੇ ਤਰ੍ਹਾਂ ਗੁਰੂ ਰਾਮਦਾਸ ਜੀ ਨਾਲ ਵੀ ਬਾਦਸ਼ਾਹ ਅਕਬਰ ਨੇ ਸ਼ਰਧਾ ਭਰੇ ਸਬੰਧ ਕਾਇਮ ਕੀਤੇ, ਜਿਸ ਬਾਰੇ "ਤਵਾਰੀਖ ਗੁਰੂ ਖਾਲਸਾ" (ਉਰਦੂ, ਪੰਨਾ ਨੰ. 750) ਵਿੱਚ ਦਰਜ ਮਿਲਦਾ ਹੈ ਕਿ 1636 ਈ. ਵਿੱਚ ਅਕਬਰ ਨੇ ਕਾਬਲ ਤੋਂ ਆਉਂਦਿਆਂ ਗੁਰੂ ਰਾਮਦਾਸ ਜੀ ਦੀ ਮਹਿਮਾ ਸੁਣੀ ਤੇ ਦਰਸ਼ਨਾਂ ਨੂੰ ਗਏ। ਅਕਬਰ ਨੇ 101 ਮੋਹਰਾਂ ਭੇਟ ਕਰਕੇ ਆਪਣੀ ਸ਼ਰਧਾ ਭਾਵਨਾ ਦਾ ਪ੍ਰਗਟਾਵਾ ਕੀਤਾ ਸੀ।

'ਪ੍ਰਿਥੀਚੰਦ' ਨੇ ਗੁਰੂ ਗੱਦੀ ਉੱਤੇ ਆਪਣਾ ਦਾਅਵਾ ਜਤਾਉਣ ਲਈ ਅਤੇ ਗੱਦੀ ਤੋਂ ਗੁਰੂ ਅਰਜਨ ਦੇਵ ਜੀ ਨੂੰ ਲਾਹੁਣ ਲਈ ਮੁਕੱਦਮਾ ਕੀਤਾ ਸੀ, ਪਰ ਅਕਬਰ ਨੇ ਉਹਦਾ ਦਾਅਵਾ ਖ਼ਾਰਜ ਕਰ ਦਿੱਤਾ ਸੀ। ਜਿਸ ਤੱਥ ਨੂੰ ਅੰਗਰੇਜ਼ੀ ਇਤਿਹਾਸਕਾਰ 'ਮੈਕਾਲਿਫ਼' ਆਪਣੀ "ਮੈਕਾਲਿਫ਼ ਇਤਿਹਾਸ ਹਿੱਸਾ 3 ਪੰਨਾ ਨੰ. 203" 'ਤੇ ਉਜਾਗਰ ਕਰਦਾ ਹੈ।

ਇਸੇ ਤਰ੍ਹਾਂ "ਇਤਿਹਾਸ ਸਿੱਖ ਗੁਰੂ ਸਾਹਿਬਾਨ" ਦੇ ਪੰਨਾ 197 ਉੱਤੇ ਦਰਜ ਮਿਲਦਾ ਹੈ, "ਪ੍ਰਿਥੀ ਚੰਦ ਨੇ ਆਪਣਾ ਵਜ਼ੀਰ ਭੇਜ ਕੇ ਜਦੋਂ ਤਹਿਕੀਕਾਤ ਕਰਵਾਈ ਤੇ ਹੁਕਮ ਦਿੱਤਾ ਕਿ ਪ੍ਰਿਥੀ ਕੋਲ਼ 'ਹੇਹਰ' ਤੇ 'ਕਲੇਰ' ਪਿੰਡਾਂ ਦੀ ਚੌਦਾਂ ਹਜ਼ਾਰ ਵਿਘੇ ਜ਼ਮੀਨ ਰਹੇ ਤੇ ਬਾਕੀ ਦੀ ਸਾਰੀ ਜ਼ਮੀਨ ਗੁਰੂ ਅਰਜਨ ਦੇਵ ਜੀ ਪਾਸ ਰਹੇ।"

ਕੁਝ ਇਤਿਹਾਸਕਾਰਾਂ ਦਾ ਦੱਸਣਾ ਹੈ ਕਿ ਜਲੰਧਰ ਦਾ ਸੂਬੇਦਾਰ 'ਅਜ਼ੀਮ ਖ਼ਾਨ' ਵੀ ਗੁਰੂ ਜੀ ਦਾ ਵੱਡਾ ਪ੍ਰੇਮੀ ਸੀ ਤੇ ਗੁਰੂ ਜੀ ਨੇ ਉਸ ਦੀ ਬੇਨਤੀ ਪ੍ਰਵਾਨ ਕਰਕੇ ਹੀ ਕਰਤਾਰਪੁਰ (ਜ਼ਿਲ੍ਹਾ ਜਲੰਧਰ) ਵਸਾਇਆ ਸੀ। ਜਦੋਂ ਗੁਰੂ ਅਰਜਨ ਦੇਵ ਜੀ ਦੁਆਬੇ ਵਿੱਚ ਗੁਰਸਿੱਖੀ ਦਾ ਪ੍ਰਚਾਰ ਕਰਦੇ-ਕਰਦੇ ਸਿੱਖੀ ਦੇ ਪੁਰਾਣੇ ਕੇਂਦਰ ਡੱਲੇ ਨਗਰ ਜਾ ਠਹਿਰੇ, ਜਲੰਧਰ ਦਾ ਸੂਬੇਦਾਰ ਅਜ਼ੀਮ ਖ਼ਾਨ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ ਸੀ। ਉਸ ਨੇ ਬੇਨਤੀ ਕੀਤੀ ਸੀ ਕਿ ਦੁਆਬੇ ਵਿੱਚ ਵੀ ਕੋਈ ਨਗਰ ਵਸਾਓ, ਧਰਮ ਅਸਥਾਨ ਬਣਾਓ ਅਤੇ ਇਸ ਇਲਾਕੇ ਨੂੰ ਭਾਗ ਲਾਓ। ਜਨਾਬ ਅਜ਼ੀਮ ਖ਼ਾਨ ਦੀ ਬੇਨਤੀ ਪ੍ਰਵਾਨ ਕਰਦਿਆਂ ਗੁਰੂ ਅਰਜਨ ਦੇਵ ਜੀ ਨੇ 21 ਮੱਘਰ ਸੰਮਤ 1650 ਨੂੰ ਕਰਤਾਰਪੁਰ (ਜਲੰਧਰ) ਦੀ ਨੀਂਹ ਰੱਖੀ।

ਗੁਰੂ ਅਰਜਨ ਦੇਵ ਜੀ ਬਾਣੀ ਰਾਹੀਂ ਮੁਸਲਮਾਨਾਂ ਪ੍ਰਤੀ ਆਪਣੇ ਦਿਲੀ ਪਿਆਰ, ਭਾਵਨਾ ਨੂੰ ਕੁਝ ਇਸ ਤਰ੍ਹਾਂ ਰਚਦੇ ਹਨ:

ਮੁਸਲਮਾਣੁ ਮੋਮ ਦਿਲਿ ਹੋਵੈ॥ ਅੰਤਰ ਕੀ ਮਲੁ ਦਿਲ ਤੇ ਧੋਵੈ॥

ਦੁਨੀਆ ਰੰਗ ਨ ਆਵੈ ਨੇੜੈ ਜਿਉ ਕੁਸਮ ਪਾਟੁ ਘਿਉ ਪਾਕੁ ਹਰਾ॥ (ਅੰਗ 1084)

ਇਤਿਹਾਸ ਵਿੱਚ ਇਹ ਵੀ ਦਰਜ ਮਿਲਦਾ ਹੈ ਕਿ ਜਦੋਂ ਗੁਰੂ ਅਰਜਨ ਦੇਵ ਜੀ ਨੇ ਲਾਹੌਰ ਡੱਬੀ ਬਾਜ਼ਾਰ ਬਾਉਲੀ ਬਣਾਉਣ ਦੀ ਇੱਛਾ ਪ੍ਰਗਟ ਕੀਤੀ ਸੀ ਤਾਂ ਲਾਹੌਰ ਦਾ ਹਾਕਮ ਹਸਨ ਖ਼ਾਂ ਆਪਣੇ ਨਾਲ ਕੁਝ ਅਮੀਰ ਮੁਸਲਮਾਨਾਂ ਨੂੰ ਲੈ ਕੇ ਆਪ ਜੀ ਦੀ ਸੇਵਾ ਵਿੱਚ ਹਾਜ਼ਰ ਹੋਇਆ ਸੀ ਤੇ ਗੁਰੂ ਜੀ ਨੂੰ ਬਾਉਲੀ ਤਿਆਰ ਕਰਨ ਲਈ ਚੋਖੀ ਸਹਾਇਤਾ ਵੀ ਦਿੱਤੀ ਸੀ। "ਤਵਾਰੀਖ਼ ਗੁਰੂ ਖ਼ਾਲਸਾ" ਪੰਨਾ ਨੰ. 96 ਵਿੱਚ ਇਹ ਪੱਖ ਦਰਜ ਮਿਲਦਾ ਹੈ।

"ਗੁਰਧਾਮ ਦੀਦਾਰ" ਪੰਨਾ 216 ਅਤੇ "ਗੁਰੂ ਤੀਰਥ ਸੰਗ੍ਰਹਿ" ਪੰਨਾ 78 ਅਨੁਸਾਰ ਇਸ ਬਾਉਲੀ 'ਤੇ ਇੱਕ ਮੁਸਲਮਾਨ ਦੀਆਂ 142 ਮੋਹਰਾਂ ਵੀ ਲੱਗੀਆਂ ਸਨ। ਇੱਕ ਹੋਰ ਜਾਣਕਾਰੀ ਸਾਹਮਣੇ ਆਉਂਦੀ ਹੈ ਕਿ ਮੁਗ਼ਲ ਹਾਕਮ ਤਾਹਰ ਬੇਗ਼ ਖ਼ਾਨ ਨੇ ਪ੍ਰਿਥੀਚੰਦ ਤੇ ਗੁਰੂ ਅਰਜਨ ਦੇਵ ਜੀ ਦੀ ਸੁਲਹ ਕਰਾਉਣ ਦਾ ਯਤਨ ਵੀ ਕੀਤਾ ਸੀ ਕਿ ਇਨ੍ਹਾਂ ਦੋਵੇਂ ਭਰਾਵਾਂ ਦਾ ਝਗੜਾ ਮੁੱਕ ਜਾਵੇ, ਜਿਸ ਦਾ ਪ੍ਰਮਾਣ 'ਗੁਰਧਾਮ ਦੀਦਾ' ਪੰਨਾ. 260 'ਤੇ ਦਰਜ ਮਿਲਦਾ ਹੈ।

"ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝ" ਦਾ ਇੱਕ ਇਹ ਵੀ ਪ੍ਰਮਾਣ ਮਿਲਦਾ ਹੈ ਕਿ ਅਕਬਰ ਦੇ ਰਾਜ ਦੌਰਾਨ ਗੁਰੂ ਅਮਰਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਹੋਏ। ਇਸ ਸਮੇਂ ਹੀ ਗੁਰਤਾ ਗੱਦੀ ਸਬੰਧੀ ਕਈ ਝਗੜੇ ਵੀ ਉੱਠੇ ਅਤੇ ਮੁਕੱਦਮੇਬਾਜ਼ੀ ਵੀ ਹੋਈ। ਅਕਬਰ ਨੇ ਇਹ ਸਾਰੇ ਮੁਕੱਦਮੇ ਇਨਸਾਫ਼ ਨਾਲ ਹੱਲ ਕੀਤੇ। ਅਕਬਰ ਬਾਦਸ਼ਾਹ ਨੇ ਗੁਰੂ ਘਰ ਦੇ ਵਿਰੋਧ ਵਿੱਚ ਕਦੇ ਵੀ ਫ਼ੈਸਲਾ ਨਹੀਂ ਕੀਤਾ। "ਸੌ ਸਾਖੀ" ਦਾ ਲੇਖਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਲਿਖਿਆ ਅੰਕਿਤ ਕਰਦਾ ਹੈ:

ਅਕਬਰ ਬ੍ਰਹਮਚਾਰੀ ਬਪੁ ਧਾਰਾ। ਅਪਨਾ ਧਰਮ ਖ਼ੂਬ ਸਵਾਰਾ। (ਸੌ ਸਾਖੀ, ਸਾਖੀ-15)

'ਰਸਾਲਾ ਸੀਸ ਗੰਜ ਦਿੱਲੀ ਜੂਨ 1967' ਵਿੱਚ ਦਰਜ ਮਿਲਦਾ ਹੈ ਕਿ ਗੋਇੰਦਵਾਲ ਦੀ ਧਰਤ ਦਾ ਮਾਲਿਕ 'ਗੋਇੰਦਾ' ਉਸ ਨੇ ਅਕਬਰ ਤੱਕ ਪਹੁੰਚ ਕੀਤੀ ਕਿ ਗੁਰੂ ਅਮਰਦਾਸ ਨੂੰ ਗੋਇੰਦਵਾਲ ਤੋਂ ਬੇਦਖ਼ਲ ਕੀਤਾ ਜਾਵੇ, ਕਿਉਂਕਿ ਗੁਰੂ ਜੀ ਇੱਥੇ ਬਾਉਲੀ ਬਣਾ ਰਹੇ ਹਨ ਅਤੇ ਮੇਰੀ ਜ਼ਮੀਨ ਉੱਤੇ ਕਬਜ਼ਾ ਕਰ ਰਹੇ ਹਨ। ਅਕਬਰ ਨੇ ਲਾਹੌਰ ਦੇ ਹਾਕਮ ਨੂੰ ਸਾਰੀ ਸਥਿਤੀ ਦੀ ਰਿਪੋਰਟ ਦੇਣ ਲਈ ਕਿਹਾ। ਅਕਬਰ ਨੇ ਗੁਰੂ ਜੀ ਨੂੰ ਗੋਇੰਦਵਾਲ ਵਿਖੇ ਧਾਰਮਿਕ ਤੀਰਥ ਬਣਾਉਣ ਵਜੋਂ ਮਾਨਤਾ ਦਿੱਤੀ। ਮਗਰੋਂ ਗੋਇੰਦੇ ਦਾ ਪੁੱਤਰ ਵੀ ਅਕਬਰ ਕੋਲ਼ ਫ਼ਰਿਆਦੀ ਹੋਇਆ, ਪਰ ਉਸ ਦੀ ਵੀ ਕੋਈ ਸੁਣਵਾਈ ਨਾ ਹੋਈ। ਇਤਿਹਾਸ ਗਵਾਹ ਹੈ ਕਿ ਅਕਬਰ ਨੇ ਬੀਬੀ ਭਾਨੀ ਦੇ ਨਾਮ 22 ਪਿੰਡਾਂ ਦੀ ਜਾਗੀਰ ਵੀ ਦਿੱਤੀ ਸੀ।

ਉਂਝ ਅਕਬਰ ਤੱਕ ਸਾਰੇ ਮੁਗ਼ਲ ਬਾਦਸ਼ਾਹ ਗੁਰੂ ਘਰ ਪ੍ਰਤੀ ਸ਼ਰਧਾ ਰੱਖਦੇ ਸਨ; ਪਰ ਜਹਾਂਗੀਰ ਕੰਨਾਂ ਦਾ ਕੱਚਾ ਸੀ, ਜਿਸ ਕਰਕੇ ਉਹ ਗੁਰੂ ਘਰ ਦੇ ਖ਼ਿਲਾਫ਼ ਹੋ ਗਿਆ। ਜਹਾਂਗੀਰ ਦੇ ਸਮੇਂ ਚੰਦੂ ਦੀ ਚੜ੍ਹਤ ਹੋ ਗਈ ਤੇ ਅਨਹੋਣੀਆਂ ਵਾਪਰ ਗਈਆਂ। ਵਿਗਾੜ ਦੇ ਕਾਰਨ ਇਤਿਹਾਸ ਵਿੱਚ ਦਰੁਸਤ ਇੰਦਰਾਜ਼ ਨਹੀਂ ਮਿਲਦੇ, ਪਰ ਅਨਹੋਣੀਆਂ ਘਟਨਾਵਾਂ ਦਾ ਜ਼ਿਕਰ ਹੁਣ ਤੱਕ ਸਿੱਖਾਂ ਅਤੇ ਮੁਸਲਮਾਨਾਂ ਵਿੱਚ ਤੁਫ਼ਰਕਾ ਪੈਦਾ ਕਰਦਾ ਆਉਂਦਾ ਹੈ। ਜਹਾਂਗੀਰ ਦੀਆਂ ਰਾਜਨੀਤਕ ਚਾਲਾਂ, ਕੁਚਾਲਾਂ ਵਿੱਚ ਬਦਲ ਗਈਆਂ। ਇਹ ਰਾਜਨੀਤੀ ਸੀ, ਜਿਸ ਨੂੰ ਇੱਕ ਬਾਦਸ਼ਾਹ ਚਲਾ ਰਿਹਾ ਸੀ। ਆਮ ਜਨਤਾ ਇਸ ਵਿਗਾੜ ਨੂੰ ਸਿੱਖਾਂ ਤੇ ਮੁਸਲਮਾਨਾਂ ਵਿੱਚ ਨਫ਼ਰਤ ਵਿੱਚ ਢਾਲਦੀ ਰਹੀ। ਜੇ ਮੁਸਲਮਾਨਾਂ ਅਤੇ ਸਿੱਖਾਂ ਵਿੱਚ ਦੁਸ਼ਮਣੀ ਹੁੰਦੀ ਤਾਂ ਪੀਰ ਬੁੱਧੂ ਸ਼ਾਹ ਆਪਣੇ ਪੁੱਤਰਾਂ ਸਮੇਤ ਦਸ਼ਮੇਸ਼ ਪਿਤਾ ਲਈ ਕੁਰਬਾਨੀ ਨਾ ਕਰਦਾ। ਦਸ਼ਮੇਸ਼ ਪਿਤਾ ਤੱਕ ਵੀ ਆਮ ਮੁਸਲਮਾਨ ਤੇ ਹਿੰਦੂ, ਸਿੱਖ ਜਨਤਾ ਵਿੱਚ ਦੁਸ਼ਮਣੀ ਭਾਵ ਨਹੀਂ ਸਨ।

'ਦਸਮ ਗ੍ਰੰਥ ਪੰਨਾ 64' 'ਤੇ ਦਰਜ ਮਿਲਦਾ ਹੈ:

ਬਾਬੇ ਕੇ ਬਾਬਰ ਕੇ ਦੋਊ॥ ਆਪ ਕਰੇ ਪਰਮੇਸਰ ਸੋਊ॥

ਦੀਨ ਸਾਹ ਇਨ ਕੋ ਪਹਿਚਾਨੋ॥ ਦੁਨੀ ਪਤਿ ਉਨ ਕੋ ਅਨੁਮਾਨੋ॥

ਜੋ ਬਾਬੇ ਕੇ ਦਾਸ ਨ ਦੈ ਹੈ। ਤਿਨ ਕੇ ਗ੍ਰਹਿ ਬਾਬਰ ਕੇ ਲੈ ਹੈ॥

ਸੁਲੱਖਣ ਸਰਹੱਦੀ ਦੇ ਲਿਖੇ ਇੱਕ ਲੇਖ ਅਨੁਸਾਰ, ਵੇਖਿਆ ਜਾਵੇ ਤਾਂ ਸਿੱਖ ਇਤਿਹਾਸਕਾਰਾਂ ਨੇ ਸਿੱਖ ਇਤਿਹਾਸ ਨੂੰ ਸਹੀ ਤਰੀਕੇ ਨਾਲ ਨਹੀਂ ਲਿਖਿਆ। ਉਹ ਇਹ ਗੱਲ ਧਾਰ ਕੇ ਹੀ ਕਲਮ ਚੁੱਕਦੇ ਹਨ ਜਾਂ ਇਹ ਕਹਿ ਲਉ, ਲਕੀਰ ਦੇ ਫ਼ਕੀਰ ਨਜ਼ਰ ਆਉਂਦੇ ਹਨ ਕਿ ਮੁਸਲਮਾਨਾਂ ਅਤੇ ਸਿੱਖਾਂ ਦਾ ਜਨਮ-ਜਨਮਾਂਤਰਾਂ ਦਾ ਸਿਰ ਵੱਢਵਾਂ ਵੈਰ ਹੈ, ਪਰ ਐਸੀ ਗੱਲ ਨਹੀਂ ਹੈ। ਆਮ ਜਨਤਾ ਦਾ ਭਾਵੇਂ ਉਹ ਮੁਸਲਮਾਨ ਸੀ ਤੇ ਭਾਵੇਂ ਸਿੱਖ, ਕੋਈ ਵੈਰ ਨਹੀਂ ਬੇਸ਼ੱਕ ਜਹਾਂਗੀਰ ਦੇ ਬਾਦਸ਼ਾਹੀ ਕਾਲ਼ ਦੌਰਾਨ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਵਾਪਰੀ, ਪਰ ਇਸ ਪਿੱਛੇ ਵੀ ਚੰਦੂ ਦਾ ਹੱਥ ਸੀ। ਜਹਾਂਗੀਰ ਨੇ ਗੁਰੂ ਘਰ ਨੂੰ ਜਗੀਰਾਂ ਦਿੱਤੀਆਂ ਸਨ। ਮਿਸਾਲ ਲਈ ਜਿਵੇਂ...:

ਅਕਬਰ ਦੇ ਜ਼ਮਾਨੇ ਸ਼ਾਹਜ਼ਾਦਾ ਸਲੀਮ (ਜਹਾਂਗੀਰ) ਨੇ ਇਸ (ਕਰਤਾਰਪੁਰ) ਦੀ ਮੁਆਫ਼ੀ ਦਾ ਪਟਾ ਧਰਮਸ਼ਾਲਾ ਦੇ ਨਾਉਂ ਸੰਮਤ 1655 ਵਿੱਚ ਦਿੱਤਾ, ਜਿਸ ਵਿੱਚ ਰਕਬਾ 9946 ਘੁਮਾਉਂ, 7 ਕਨਾਲ, 15 ਮਰਲੇ ਦਰਜ ਹੈ, ਜਿਸ ਦਾ ਜ਼ਿਕਰ ਮਹਾਨ ਕੋਸ਼ ਪੰਨਾ ਨੰ. 902 ਤੇ ਗੁਰਦੁਆਰਾ ਗਜ਼ਟ, ਸਤੰਬਰ 1976 ਵਿੱਚ ਮਿਲਦਾ ਹੈ।

ਯਾਦ ਰੱਖਣਯੋਗ ਤੱਥ ਇਹ ਵੀ ਹੈ ਕਿ ਜਹਾਂਗੀਰ ਵੱਲੋਂ ਬਖ਼ਸ਼ੀ ਉਕਤ ਜਗੀਰ ਦਾ ਵਰਨਣ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਉਸ ਹੱਥ-ਲਿਖਤ ਬੀੜ ਦੇ ਵਾਧੂ ਪਤਰਿਆਂ ਉੱਤੇ ਵੀ ਲਿਖਤੀ ਰੂਪ ਵਿੱਚ ਹੈ, ਜੋ ਅੱਜਕਲ੍ਹ ਕਰਤਾਰਪੁਰ ਦੇ ਮੋਢੀਆਂ ਕੋਲ਼ ਹੈ। ਕਈ ਵਿਦਵਾਨ ਇਸ ਨੂੰ ਅਸਲ ਬੀੜ ਵੀ ਲਿਖਦੇ ਹਨ। ਵੇਖੋ,

*ਰਾਗਮਾਲਾ ਖੰਡਨ, ਪੰਨਾ 7
*ਪ੍ਰਾਚੀਨ ਬੀੜਾਂ, ਪੰਨਾ 165
*ਸਿੱਖ ਇਤਿਹਾਸ ਭਾਗ 1, ਪੰਨਾ 203

ਇਸ ਲੇਖਕ ਜ਼ਰੀਏ ਸਾਈਂ ਮੀਆਂ ਮੀਰ ਜੀ ਦਾ ਗੁਰੂ ਘਰ ਤੇ ਗੁਰੂਆਂ ਪ੍ਰਤੀ ਮੁਹੱਬਤ ਅਤੇ ਉਸ ਸ਼ਾਸਨ ਕਾਲ ਦੌਰਾਨ ਦਿੱਤੇ ਇਤਿਹਾਸਕ ਅੰਕੜਿਆਂ ਨੂੰ ਪੇਸ਼ ਕਰਨਾ ਸਿੱਖਾਂ ਤੇ ਮੁਸਲਮਾਨਾਂ ਦੀ ਸਾਂਝ ਨੂੰ ਦਰਸਾਇਆ ਗਿਆ ਹੈ। ਸਾਈਂ ਮੀਆਂ ਮੀਰ ਨੂੰ ਜਿੱਥੇ ਮੁਸਲਮਾਨ ਸਤਿਕਾਰਦੇ ਹਨ, ਉੱਥੇ ਹੀ ਸਿੱਖਾਂ 'ਚ ਵੀ ਸਤਿਕਾਰਤ ਸ਼ਰਧਾ ਨਾਲ ਯਾਦ ਕੀਤਾ ਜਾਂਦਾ ਹੈ।

⇒ ਬਾਕੀ ਸਫ਼ਾ 18 ਉਤੇ ਪੜ੍ਹੋ

## ਸਮਕਾਲੀ ਸੰਦਰਭ

# ਸਿੱਖ ਕੀਮਤ ਵਿਧਾਨ ਅਤੇ ਪੰਜਾਬੀ ਸੱਭਿਆਚਾਰ

**ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਗੁਰੂ ਗ੍ਰੰਥ ਸਾਹਿਬ ਵਿਭਾਗ ਦੇ ਸਾਬਕਾ ਮੁਖੀ ਡਾ. ਗੁਰਨਾਮ ਕੌਰ ਨੇ ਪਿਛਲੇ ਦਿਨੀਂ ਬਰੈਂਪਟਨ ਵਿੱਚ ਹੋਈ ਅੱਠਵੀਂ ਵਿਸ਼ਵ ਪੰਜਾਬੀ ਕਾਨਫ਼ਰੰਸ ਵਿੱਚ ਹਥਲਾ ਲੇਖ/ਪਰਚਾ ਪੜ੍ਹਿਆ ਸੀ, ਜਿਸ ਵਿੱਚ ਉਨ੍ਹਾਂ ਸਮਕਾਲੀ ਸੰਦਰਭ ਵਿੱਚ ਸਿੱਖ ਕੀਮਤ ਵਿਧਾਨ ਅਤੇ ਪੰਜਾਬੀ ਸੱਭਿਆਚਾਰ ਬਾਰੇ ਵਿਚਾਰ ਪੇਸ਼ ਕਰਦਿਆਂ ਕਿਹਾ ਸੀ, "ਸਿੱਖ ਧਰਮ ਸੰਸਾਰ ਧਰਮਾਂ ਦੇ ਇਤਿਹਾਸ ਵਿੱਚ ਬਹੁਤ ਨਵਾਂ ਹੈ, ਪ੍ਰੰਤੂ ਇਸ ਦਾ ਸ਼ੁਮਾਰ ਸੰਸਾਰ ਦੇ ਛੇ ਮੁੱਖ ਧਰਮਾਂ ਹਿੰਦੂ, ਬੁੱਧ, ਜੈਨ, ਯਹੂਦੀ, ਇਸਾਈ ਅਤੇ ਇਸਲਾਮ ਵਿੱਚ ਹੁੰਦਾ ਹੈ। ਸਿੱਖ ਫ਼ਲਸਫ਼ਾ ਅਤੇ ਕੀਮਤ ਵਿਧਾਨ ਸਰਵਵਿਆਪਕ ਮਹੱਤਵ ਰੱਖਦਾ ਹੈ, ਕਿਉਂਕਿ ਇਸ ਨੂੰ ਕਿਸੇ ਵੀ ਸਥਾਨ, ਧਰਮ ਅਤੇ ਸਮਾਜ ਵਿੱਚ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਜਿਸ ਸੰਕਟ ਵਿੱਚੋਂ ਅੱਜ ਕੁੱਲ ਆਲਮ ਗੁਜ਼ਰ ਰਿਹਾ ਹੈ, ਉਸ ਦੇ ਮੱਦੇਨਜ਼ਰ ਸਰਬੱਤ ਦੇ ਭਲੇ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਾਸੇ ਯਤਨ ਹੋਣੇ ਵੀ ਚਾਹੀਦੇ ਹਨ।" ਪੇਸ਼ ਹੈ, ਪਾਠਕਾਂ ਲਈ ਇਹ ਅਹਿਮ ਲੇਖ...**



**ਡਾ. ਗੁਰਨਾਮ ਕੌਰ ਕੈਨੇਡਾ**

ਸੱਭਿਆਚਾਰ ਨੂੰ ਜੇ ਆਸਾਨ ਲਫ਼ਜ਼ਾਂ ਵਿੱਚ ਸਮਝਣਾ ਹੋਵੇ ਤਾਂ ਕਹਿ ਸਕਦੇ ਹਾਂ ਕਿ ਮਨੁੱਖੀ ਬੌਧਿਕ ਪ੍ਰਾਪਤੀਆਂ, ਕਲਾਵਾਂ ਦਾ ਸਮੂਹਕ ਰੂਪ ਵਿੱਚ ਪਰਗਟ ਹੋਣਾ ਹੀ ਸੱਭਿਆਚਾਰ ਅਖਵਾਉਂਦਾ ਹੈ। ਸੱਭਿਆਚਾਰ ਲੋਕਾਂ ਦੇ ਕਿਸੇ ਖਾਸ ਸਮੂਹ ਦਾ ਜੀਵਨ-ਢੰਗ ਹੁੰਦਾ ਹੈ-ਉਨ੍ਹਾਂ ਦਾ ਵਰਤਾਰਾ, ਵਿਸ਼ਵਾਸ, ਕੀਮਤਾਂ ਅਤੇ ਚਿੰਨ੍ਹ, ਜਿਨ੍ਹਾਂ ਨੂੰ ਉਹ ਉਨ੍ਹਾਂ ਬਾਰੇ ਸੋਚੇ ਬਿਨਾਂ ਪਰਵਾਨ ਕਰਦੇ ਹਨ। ਸੱਭਿਆਚਾਰ ਅਜਿਹਾ ਸ਼ਬਦ ਹੈ, ਜਿਸ ਵਿੱਚ ਮਨੁੱਖੀ ਸਮਾਜ ਦੇ ਕਿਸੇ ਸਮੂਹ ਵਿੱਚ ਸਥਾਪਤ ਸਮਾਜਿਕ ਵਰਤਾਉ, ਬੋਲੀ, ਧਰਮ, ਖਾਣ-ਪਾਣ, ਰੀਤੀ-ਰਿਵਾਜ਼, ਸੰਗੀਤ, ਸੰਸਥਾਵਾਂ ਤੇ ਪ੍ਰਤੀਮਾਨ ਅਤੇ ਮਨੁੱਖੀ ਗਿਆਨ ਤੇ ਵਿਸ਼ਵਾਸ ਸਭ ਸ਼ਾਮਲ ਹੁੰਦੇ ਹਨ। ਇਥੇ ਅਸੀਂ ਪੰਜਾਬੀ ਸਮਾਜ ਅਤੇ ਸੱਭਿਆਚਾਰ ਦੇ ਸੰਦਰਭ ਵਿੱਚ ਸਿੱਖ ਕੀਮਤ-ਵਿਧਾਨ ਅਤੇ ਇਸ ਦੇ ਸਮਾਜਿਕ-ਸੱਭਿਆਚਾਰਕ ਅਸਰ ਨੂੰ ਦੇਖਣ ਦੀ ਕੋਸ਼ਿਸ਼ ਕਰਾਂਗੇ; ਪ੍ਰੰਤੂ ਇਸ ਦੇ ਨਾਲ ਹੀ ਇੱਥੇ ਇਹ ਕਹਿਣ ਵਿੱਚ ਵੀ ਕੋਈ ਝਿਜਕ ਜਾਂ ਹਿਚਕਚਾਹਟ ਨਹੀਂ ਕਿ ਸਿੱਖ ਫ਼ਲਸਫ਼ਾ ਅਤੇ ਕੀਮਤ ਵਿਧਾਨ ਸਰਵਵਿਆਪਕ ਮਹੱਤਵ ਰੱਖਦਾ ਹੈ, ਕਿਉਂਕਿ ਇਸ ਨੂੰ ਕਿਸੇ ਵੀ ਸਥਾਨ, ਧਰਮ ਅਤੇ ਸਮਾਜ ਵਿੱਚ ਅਮਲ ਵਿੱਚ ਲਿਆਂਦਾ ਜਾ ਸਕਦਾ ਹੈ। ਜਿਸ ਸੰਕਟ ਵਿੱਚੋਂ ਅੱਜ ਕੁੱਲ ਆਲਮ ਗੁਜ਼ਰ ਰਿਹਾ ਹੈ, ਉਸ ਦੇ ਮੱਦੇਨਜ਼ਰ ਸਰਬੱਤ ਦੇ ਭਲੇ ਨੂੰ ਧਿਆਨ ਵਿੱਚ ਰੱਖਦਿਆਂ ਇਸ ਪਾਸੇ ਯਤਨ ਹੋਣੇ ਵੀ ਚਾਹੀਦੇ ਹਨ।

ਸਿੱਖ ਧਰਮ ਸੰਸਾਰ ਧਰਮਾਂ ਦੇ ਇਤਿਹਾਸ ਵਿੱਚ ਬਹੁਤ ਨਵਾਂ ਹੈ, ਪ੍ਰੰਤੂ ਇਸ ਦਾ ਸ਼ੁਮਾਰ ਸੰਸਾਰ ਦੇ ਛੇ ਮੁੱਖ ਧਰਮਾਂ ਹਿੰਦੂ, ਬੁੱਧ, ਜੈਨ, ਯਹੂਦੀ, ਇਸਾਈ ਅਤੇ ਇਸਲਾਮ ਵਿੱਚ ਹੁੰਦਾ ਹੈ। ਸਿੱਖ ਧਰਮ ਦੀ ਨੀਂਹ ਗੁਰੂ ਨਾਨਕ ਦੇਵ ਜੀ ਦੇ ਸੰਨ 1499 ਵਿੱਚ 'ਵੇਈਂ ਨਦੀ' ਪ੍ਰਵੇਸ਼ ਤੋਂ ਰੱਖੀ ਗਈ ਮੰਨੀ ਜਾਂਦੀ ਹੈ, ਜਦੋਂ ਵੇਈਂ ਵਿਚੋਂ ਬਾਹਰ ਆਉਣ 'ਤੇ ਉਨ੍ਹਾਂ ਨੇ ਆਪਣਾ ਪਹਿਲਾ ਐਲਾਨਨਾਮਾ 'ਨਾ ਕੋ ਹਿੰਦੂ ਨਾ ਮੁਸਲਮਾਨ' ਕੀਤਾ, ਜਿਸ ਵਿਚਲੀ ਵਿਚਾਰਧਾਰਾ ਨੇ ਮਨੁੱਖ ਨੂੰ ਧਰਮ ਦੇ ਨਾਂ 'ਤੇ ਵੰਡੇ ਜਾਣ ਦਾ ਰੇੜਕਾ ਹੀ ਖਤਮ ਕਰ ਦਿੱਤਾ। ਭਾਈ ਗੁਰਦਾਸ ਨੇ ਗੁਰੂ ਨਾਨਕ ਸਾਹਿਬ ਦੀ ਮੱਕੇ ਦੀ ਯਾਤਰਾ ਸਮੇਂ ਕਾਜ਼ੀਆਂ-ਮੁੱਲਾਂ ਨਾਲ ਵਾਰਤਾਲਾਪ ਦਾ ਜ਼ਿਕਰ ਕਰਦਿਆਂ ਇਸੇ ਪਾਸੇ ਇਸ਼ਾਰਾ ਕੀਤਾ ਹੈ:

ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ।

ਬਾਬਾ ਆਖੇ ਹਾਜੀਆ ਸੁਭਿ ਅਮਲਾ ਬਾਝਹੁ ਦੋਨੋ ਰੋਈ।

ਗੁਰੂ ਨਾਨਕ ਸਾਹਿਬ ਨੇ ਸੰਸਾਰ ਸਾਹਮਣੇ ਧਰਮ ਦੀ ਮਾਨਵਤਾਵਾਦੀ ਪਹੁੰਚ ਰੱਖੀ। ਕਈ ਵਾਰ ਅਸੀਂ ਮਾਨਵਵਾਦ ਅਤੇ ਮਾਨਵਤਾਵਾਦ ਨੂੰ ਰਲਗੱਡ ਕਰਦਿਆਂ ਗੁਰੂ ਨਾਨਕ ਦੇ ਫ਼ਲਸਫ਼ੇ ਨੂੰ ਮਾਨਵਵਾਦ ਕਹਿ ਦਿੰਦੇ ਹਾਂ। ਅਸਲ ਵਿੱਚ ਦਾਰਸ਼ਨਿਕ ਨਜ਼ਰੀਏ ਤੋਂ ਦੋਵਾਂ ਵਿੱਚ ਬੁਨਿਆਦੀ ਫਰਕ ਇਹ ਹੈ ਕਿ ਮਾਨਵਵਾਦ ਇੱਕ ਅਜਿਹਾ ਨਜ਼ਰੀਆ ਜਾਂ ਸਿਧਾਂਤ ਹੈ, ਜਿਸ ਵਿੱਚ ਮੁੱਖ ਮਹੱਤਵ ਮਨੁੱਖ ਨੂੰ ਦਿੱਤਾ ਜਾਂਦਾ ਹੈ, ਜਿਸ ਦੇ ਕੇਂਦਰ ਵਿੱਚ ਮਨੁੱਖ ਹੈ, ਕਿਸੇ ਪਰਮ-ਹਸਤੀ ਜਾਂ ਪਰਮਸਤਿ ਦੀ ਕੋਈ ਹੋਂਦ ਨਹੀਂ ਸਵੀਕਾਰੀ ਜਾਂਦੀ। ਮਨੁੱਖ ਦੀਆਂ ਲੋੜਾਂ ਜਾਂ ਸਮੱਸਿਆਵਾਂ ਦੇ ਹੱਲ ਲਈ ਤਰਕਵਾਦੀ ਸੁਝਾਅ ਦਿੱਤੇ ਜਾਂਦੇ ਹਨ। ਮਾਨਵਤਾਵਾਦੀ ਪਹੁੰਚ ਅਜਿਹੀ ਹੈ, ਜਿਸ ਅਨੁਸਾਰ ਮਨੁੱਖ ਦੇ ਦੁੱਖਾਂ, ਦਰਦਾਂ, ਮੁਸੀਬਤਾਂ ਨੂੰ ਦੂਰ ਕਰਨ ਲਈ ਵਿਅਕਤੀ ਅਮਲੀ ਰੂਪ ਵਿੱਚ ਸਰਗਰਮ ਹੁੰਦਾ ਹੈ ਅਤੇ ਮਨੁੱਖੀ ਭਲਾਈ ਅਤੇ ਸਮਾਜ ਦਾ ਸੁਧਾਰ ਮਨੁੱਖ ਦੇ ਹਮਦਰਦ ਵਜੋਂ ਤੇ ਮਨੁੱਖੀ ਪ੍ਰੇਮ ਵਿੱਚੋਂ ਕਰਦਾ ਹੈ ਅਤੇ ਨੈਤਿਕ ਤੇ ਅਧਿਆਤਮਕ ਮਾਨਵਤਾਵਾਦ ਦਾ ਦਾਅਵਾ ਕਰਦਾ ਹੈ। ਗੁਰੂ ਨਾਨਕ ਨੇ ਦੁਨੀਆ ਦੇ ਸਾਹਮਣੇ ਸਪੱਸ਼ਟ ਕਰ ਦਿੱਤਾ ਕਿ ਮਨੁੱਖਤਾ ਨੂੰ ਧਰਮ ਦੇ ਨਾਮ 'ਤੇ ਵੰਡਿਆ ਨਹੀਂ ਜਾ ਸਕਦਾ, ਕਿਉਂਕਿ ਧਰਮ ਦਾ ਆਧਾਰ ਨੈਤਿਕਤਾ ਹੈ। ਮਨੁੱਖ ਦੇ ਧਾਰਮਿਕ ਜਾਂ ਅਧਾਰਮਿਕ ਹੋਣ ਦਾ ਨਿਬੇੜਾ ਉਸ ਦੇ ਅਮਲਾਂ, ਉਸ ਦੇ ਕੀਤੇ ਨੇਕ ਕੰਮਾਂ, ਉਸ ਦੇ ਨੈਤਿਕ ਗੁਣਾਂ 'ਤੇ ਹੋਣਾ ਹੈ; ਇਸ ਤੱਥ ਤੋਂ ਨਹੀਂ ਹੋਣਾ ਕਿ ਉਹ ਕਿਸ ਧਰਮ ਨਾਲ ਸਬੰਧਤ ਹੈ ਜਾਂ ਕਿੰਨੀਆਂ ਧਾਰਮਿਕ ਰਸਮਾਂ ਨਿਭਾਉਂਦਾ ਤੇ ਪੂਜਾ-ਪਾਠ ਕਰਦਾ ਹੈ।

ਸਿੱਖ ਧਰਮ ਅਤੇ ਇਸ ਦੇ ਕੀਮਤ-ਵਿਧਾਨ ਨੇ ਪੰਜਾਬੀ ਸਮਾਜ ਅਤੇ ਸੱਭਿਆਚਾਰ ਵਿੱਚ ਕੀ ਜਾਗ੍ਰਿਤੀ ਲਿਆਂਦੀ, ਇਸ 'ਤੇ ਕਿਵੇਂ ਅਸਰ-ਅੰਦਾਜ਼ ਹੋਇਆ ਅਤੇ ਸਮਕਾਲ ਵਿੱਚ ਇਹ ਕੀ ਰੋਲ ਨਿਭਾਅ ਸਕਦਾ ਹੈ, ਨੂੰ ਸਮਝਣ ਲਈ ਸਿੱਖ ਧਰਮ ਦੀ ਸੰਖੇਪ ਚਰਚਾ ਕਰ ਲੈਣੀ ਸਹਾਇਕ ਸਿੱਧ ਹੋਵੇਗੀ। ਸਿੱਖ ਧਰਮ ਇੱਕ ਇਲਹਾਮੀ ਧਰਮ ਹੈ, ਜਿਸ ਦਾ ਪ੍ਰਕਾਸ਼ਨ ਗੁਰੂ ਜੋਤਿ ਅਤੇ ਗੁਰੂ ਜੁਗਤਿ ਰਾਹੀਂ ਬਾਣੀ ਦੇ ਰੂਪ ਵਿੱਚ ਹੋਇਆ ਮੰਨਿਆ ਜਾਂਦਾ ਹੈ ਅਤੇ ਇਹ ਗੁਰੂ ਨਾਨਕ ਦੇਵ, ਇਸ ਦੇ ਬਾਨੀ ਗੁਰੂ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਦਸਮ ਅਤੇ ਆਖ਼ਰੀ ਸਰੀਰਕ ਗੁਰੂ ਤੱਕ, ਇੱਕ ਲਗਾਤਾਰ ਅਮਲ ਹੈ। ਗੁਰੂ ਸਾਹਿਬਾਨ ਨੂੰ ਆਪਣੇ ਰਹੱਸਾਤਮਕ ਅਨੁਭਵ ਵਿੱਚ ਸਤਿ ਦਾ ਜੋ ਅਨੁਭਵ ਹੋਇਆ, ਉਸ ਨੂੰ ਉਨ੍ਹਾਂ ਨੇ ਬਾਣੀ ਜਾਂ ਸ਼ਬਦ ਦੇ ਰੂਪ ਵਿੱਚ ਪਰਗਟ ਕੀਤਾ, ਜਿਸ ਦਾ ਹਵਾਲਾ ਸਾਨੂੰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵਿੱਚ ਬਹੁਤ ਥਾਵਾਂ 'ਤੇ ਮਿਲ ਜਾਂਦਾ ਹੈ। ਮਿਸਾਲ ਵਜੋਂ ਜਿਵੇਂ ਗੁਰੂ ਨਾਨਕ ਦੇਵ ਭਾਈ ਲਾਲੋ ਨੂੰ ਸੰਬੋਧਨ ਕਰਦੇ ਹਨ, "ਜੈਸੀ ਮੈ ਆਵਹਿ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ" (ਪੰਨਾ 722) ਅਤੇ ਇੱਕ ਥਾਂ ਹੋਰ ਕਹਿੰਦੇ ਹਨ, "ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥" (ਪੰਨਾ 763)

ਗੁਰੂ ਅਰਜਨ ਦੇਵ ਬਾਣੀ ਰੂਪੀ ਅੰਮ੍ਰਿਤ ਦੇ ਵਰਸਣ ਦੀ ਗੱਲ ਕਰਦਿਆਂ ਕਹਿੰਦੇ ਹਨ ਕਿ ਜਿਵੇਂ ਪ੍ਰਭੂ ਬੋਲਣ ਦਾ ਹੁਕਮ ਕਰਦਾ ਹੈ, ਉਹ ਉਵੇਂ ਬੋਲਦੇ ਹਨ, "ਝਿੰਮਿ ਝਿੰਮਿ ਅੰਮ੍ਰਿਤੁ ਵਰਸਦਾ॥ ਬੋਲਾਇਆ ਬੋਲੀ ਖਸਮ ਦਾ॥" (ਪੰਨਾ 74); ਗੁਰੂ ਅਰਜਨ ਦੇਵ ਬਾਣੀ ਨੂੰ ਧੁਰੋਂ ਆਈ ਮੰਨਦਿਆਂ ਇਸ ਨੂੰ ਕਰਤਾ ਪੁਰਖ ਦੀ ਮਿਹਰ ਪਰਵਾਨ ਕਰਦੇ ਹਨ, ਜਿਸ ਸਦਕਾ ਉਨ੍ਹਾਂ ਨੂੰ ਸੱਚ ਦਾ ਗਿਆਨ ਹੋਇਆ ਹੈ, ਜਿਸ ਦਾ ਉਹ ਬਿਆਨ ਕਰ ਸਕੇ ਹਨ:

ਧੁਰ ਕੀ ਬਾਣੀ ਆਈ॥ ਤਿਨਿ ਸਗਲੀ ਚਿੰਤ ਮਿਟਾਈ॥

ਦਇਆਲ ਪੁਰਖ ਮਿਹਰਵਾਨਾ॥ ਹਰਿ ਨਾਨਕ ਸਾਚੁ ਵਖਾਨਾ॥ (ਪੰਨਾ 628)

ਗੁਰੂ ਗ੍ਰੰਥ ਸਾਹਿਬ ਸਿੱਖ ਧਾਰਮਿਕ ਗ੍ਰੰਥ ਹੈ, ਜਿਸ ਵਿੱਚ ਗੁਰੂ ਸਾਹਿਬਾਨ ਦੀ ਬਾਣੀ ਹੀ ਸ਼ਾਮਲ ਨਹੀਂ ਹੈ, ਬਲਕਿ ਉਨ੍ਹਾਂ ਭਗਤਾਂ, ਸੂਫ਼ੀ ਸੰਤਾਂ ਦੀ ਬਾਣੀ ਵੀ ਸ਼ਾਮਲ ਹੈ, ਜਿਨ੍ਹਾਂ ਦੀ ਵਿਚਾਰਧਾਰਾ ਗੁਰੂ ਸਾਹਿਬਾਨ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਸੀ। ਇਹ ਬਾਣੀ ਗੁਰੂ ਨਾਨਕ ਸਾਹਿਬ ਨੇ ਆਪਣੀਆਂ ਉਦਾਸੀਆਂ ਵੇਲੇ ਇਕੱਤਰ ਕੀਤੀ ਅਤੇ ਕੁੱਝ ਬਾਣੀ ਗੁਰੂ ਅਰਜਨ ਦੇਵ ਪਾਤਿਸ਼ਾਹ ਦੇ ਸਮਕਾਲੀਆਂ ਵੱਲੋਂ ਰਚੀ ਹੋਈ ਹੈ, ਜਿਵੇਂ ਸਤਾ ਅਤੇ ਬਲਵੰਡ, ਭੱਟਾਂ ਦੇ ਸਵਈਏ ਆਦਿ। ਇਸ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸਿੱਖ ਨੈਤਿਕਤਾ, ਕੀਮਤ ਵਿਧਾਨ ਅਤੇ ਸਿੱਖ ਫ਼ਲਸਫ਼ੇ ਦਾ ਸੋਮਾ ਹੈ, ਜਿਸ ਵਿੱਚ ਹਿੰਦੁਸਤਾਨ ਦੇ ਮੱਧਕਾਲ ਦੇ ਅਧਿਆਤਮਕ ਅਨੁਭਵ ਨੂੰ ਵੀ ਸਾਂਭਿਆ ਹੋਇਆ ਹੈ। ਮੱਧਕਾਲ ਨੂੰ ਪੱਛਮੀ ਦੁਨੀਆ ਦੇ ਦਾਰਸ਼ਨਿਕ ਇਤਿਹਾਸ ਵਿੱਚ ਅੰਧੇਰਾ ਜੁਗ ਕਰਕੇ ਮੰਨਿਆ ਜਾਂਦਾ ਹੈ, ਗੁਰਬਾਣੀ ਅਨੁਸਾਰ ਇਸ ਦਾ ਅਰਥ ਅਗਿਆਨਤਾ ਵੀ ਬਣਦਾ ਹੈ, ਜਦਕਿ ਇਸੇ ਹੀ ਸਮੇਂ ਹਿੰਦੁਸਤਾਨ ਦੀ ਧਰਤੀ 'ਤੇ ਗੁਰੂ ਨਾਨਕ ਦੀ ਆਮਦ ਨਾਲ ਰੌਸ਼ਨ ਜੁਗ ਭਾਵ ਗਿਆਨ ਦਾ ਉਦੈ ਸ਼ੁਰੂ ਹੋ ਚੁੱਕਾ ਸੀ, ਜਿਸ ਨੂੰ ਪੰਜਾਬ ਦੇ ਮਹਾਨ ਚਿੰਤਕ ਸਰ ਮੁਹੰਮਦ ਇਕਬਾਲ ਨੇ ਹਿੰਦ ਦਾ ਇੱਕ ਸੁਪਨੇ ਵਿੱਚੋਂ ਜਾਗਣਾ ਕਿਹਾ ਹੈ:

ਫਿਰ ਉਠੀ ਆਖ਼ਿਰ ਸਦਾ ਤੌਹੀਦ ਕੀ ਪੰਜਾਬ ਸੇ

ਹਿੰਦ ਕੋ ਇੱਕ ਮਰਦੇ ਕਾਮਲ ਨੇ ਜਗਾਇਆ ਖ਼ਾਬ ਸੇ।

ਸਿੱਖ ਧਰਮ-ਚਿੰਤਨ ਨੇ ਜੋ ਕੀਮਤ ਵਿਧਾਨ ਦੁਨੀਆ ਦੇ ਸਾਹਮਣੇ ਰੱਖਿਆ, ਉਸ ਵਿੱਚ ਮਨੁੱਖੀ ਨੈਤਿਕਤਾ, ਮਾਨਵਤਾਵਾਦ, ਮਨੁੱਖੀ ਬਰਾਬਰੀ, ਮਨੁੱਖੀ ਸਵੈਮਾਨ, ਸਰਬ-ਸਾਂਝੀਵਾਲਤਾ, ਸਮਾਜਿਕ ਨਿਆਉਂ, ਜਮੂਹਰੀਅਤ, ਕਾਦਰ ਅਤੇ ਉਸ ਦੀ ਕੁਦਰਤਿ ਨਾਲ ਪ੍ਰੇਮ, ਜਿਸ ਵਿੱਚ ਮਨੁੱਖ ਅਤੇ ਸਾਰੀ ਕਾਇਨਾਤ ਸ਼ਾਮਲ ਹੈ, ਸਿਖਾਇਆ। ਗੁਰੂ ਨਾਨਕ ਸਾਹਿਬ ਦੇ ਪ੍ਰਕਾਸ਼ਨ ਤੋਂ ਪਹਿਲਾਂ ਵਰਣ-ਵੰਡ, ਧਾਰਮਿਕ ਵਖਰੇਵਿਆਂ, ਰਾਜਨੀਤਕ ਕਾਰਨਾਂ ਕਰਕੇ ਜਿਸ ਤਰ੍ਹਾਂ ਭਾਰਤੀ ਸਮਾਜ ਵੰਡਿਆ ਹੋਇਆ ਸੀ ਅਤੇ ਇਸ ਵਿੱਚ ਜੋ ਗਿਰਾਵਟ ਆ ਚੁੱਕੀ ਸੀ, ਗੁਰੂ ਨਾਨਕ ਨੇ ਉਸ ਦੀ ਤੁਲਨਾ ਮੱਸਿਆ ਦੀ ਕਾਲੀ ਰਾਤ ਨਾਲ ਕੀਤੀ ਹੈ, ਜਿਸ ਵਿੱਚ ਚਾਰ-ਚੁਫੇਰੇ ਝੂਠ ਦਾ ਬੋਲ-ਬਾਲਾ ਹੋਣ ਕਰਕੇ ਸੱਚ ਰੂਪੀ ਚੰਦ੍ਰਮਾ ਅਲੋਪ ਹੋ ਗਿਆ ਸੀ। ਇਸ ਸਮੇਂ ਨੂੰ ਛੁਰੀ ਵਰਗਾ ਕਲਿਜੁਗ ਦਾ ਸਮਾਂ ਕਿਹਾ ਹੈ, ਜਿਸ ਵਿੱਚ ਰਾਜੇ ਲੋਕਾਂ ਨੂੰ ਕਸਾਈਆਂ ਵਾਂਗ ਕੋਹ ਰਹੇ ਸੀ, ਧਰਮ ਅਰਥਾਤ ਇਨਸਾਫ ਖੰਭ ਲਾ ਕੇ ਉੱਡ ਗਿਆ ਸੀ, ਹਰ ਤਰ੍ਹਾਂ ਦੀਆਂ ਨੈਤਿਕ ਕੀਮਤਾਂ ਗੁਆਚ ਗਈਆਂ ਸਨ, ਲੋਕਾਈ ਦੁੱਖਾਂ-ਤਕਲੀਫਾਂ ਨਾਲ ਤੜਪ ਰਹੀ ਸੀ, ਜਿਸ ਵਿੱਚੋਂ ਨਿਕਲਣ ਦਾ ਕੋਈ ਰਸਤਾ ਨਜ਼ਰ ਨਹੀਂ ਆਉਂਦਾ:

ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥

ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ॥

ਹਉ ਭਾਲਿ ਵਿਕੁੰਨੀ ਹੋਈ॥ ਆਧੇਰੈ ਰਾਹ ਨ ਕੋਈ॥

ਵਿਚਿ ਹਉਮੈ ਕਰਿ ਦੁਖੁ ਰੋਈ॥ (ਪੰਨਾ 145)

ਗੁਰੂ ਗ੍ਰੰਥ ਸਾਹਿਬ ਦੇ ਅਰੰਭ ਵਿੱਚ ਹੀ ਸਿੱਖ ਧਰਮ ਦਾ ਮੂਲ ਸਿਧਾਂਤ 'ੴ ਤੋਂ ਗੁਰਪਰਸਾਦਿ' ਤੱਕ ਦਰਜ ਹੈ, ਜਿਸ ਵਿੱਚ ਪਰਮਸਤਿ ਦੇ ਗੁਣ ਦੱਸਦਿਆਂ ਉਸ ਨੂੰ ਬ੍ਰਹਿਮੰਡ ਦਾ ਕਰਤਾ ਪੁਰਖ ਕਿਹਾ ਹੈ ਅਤੇ ਇਹ ਸਾਰਾ ਬ੍ਰਹਿਮੰਡ, ਉਸ ਦੀ ਰਚਨਾ, ਉਸ ਦਾ ਪਰਗਟ ਸਰੂਪ ਹੈ। ਇਹ ਬੁਨਿਆਦ ਹੈ ਕਰਤਾ ਪੁਰਖ ਦੀ ਆਪਣੀ ਸਾਜੀ ਕੁਦਰਤਿ ਨਾਲ ਰਿਸ਼ਤੇ ਦੀ, ਮਨੁੱਖ ਦੀ ਕੁਦਰਤਿ ਨਾਲ ਰਿਸ਼ਤੇ ਅਤੇ ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਦੀ। ਗੁਰੂ ਨਾਨਕ ਨੇ ਮਨੁੱਖ ਦੇ ਸਾਹਮਣੇ ਆਦਰਸ਼ 'ਸਚਿਆਰਾ' ਹੋਣ ਦਾ ਰੱਖਿਆ ਹੈ ਅਤੇ 'ਸਚਿਆਰਾ' ਹੋਣ ਦਾ ਅਰਥ ਸਵੈ-ਅਨੁਭਵ ਵੀ ਹੈ। ਸਵੈ-ਅਨੁਭਵ ਦੇ ਇਸ ਰਸਤੇ ਦੇ ਪਾਂਧੀ ਨੂੰ ਇਨ੍ਹਾਂ ਕੀਮਤਾਂ ਨੂੰ ਆਪ ਲੱਭਣਾ ਪੈਣਾ ਹੈ, ਇਨ੍ਹਾਂ ਦੀ ਨਿਸ਼ਾਨਦੇਹੀ ਕਰਕੇ ਹੀ ਇਨ੍ਹਾਂ ਨੂੰ ਅਮਲ ਵਿੱਚ ਲਿਆਉਣਾ ਪੈਣਾ ਹੈ; ਤਦ ਹੀ ਉਹ ਆਪਣੀ ਮੰਜ਼ਿਲ 'ਤੇ ਪਹੁੰਚ ਸਕਦਾ ਹੈ। ਪ੍ਰੰਤੂ ਸਿੱਖ ਧਰਮ ਚਿੰਤਨ ਅਨੁਸਾਰ ਇਹ ਖੋਜ ਅਤੇ ਇਸ ਦਾ ਪੰਧ ਵਿਅਕਤੀਗਤ ਨਹੀਂ, ਬਲਕਿ ਸਮੂਹਿਕ, ਸੰਗਤੀ ਹੈ। ਇਸੇ ਲਈ ਇਨ੍ਹਾਂ ਕੀਮਤਾਂ ਦੇ ਅਮਲੀ ਪ੍ਰਕਾਸ਼ਨ ਲਈ ਗੁਰੂ ਨਾਨਕ ਸਾਹਿਬ ਨੇ ਕਿਰਤ ਕਰਨ, ਵੰਡ ਛਕਣ ਅਤੇ ਨਾਮ ਜਪਣ ਦਾ ਤ੍ਰੈ-ਪ੍ਰਤੀ ਰਸਤਾ ਦੱਸਿਆ। ਕਿਰਤ ਨੂੰ ਨਾਮ ਜਪਣ ਅਤੇ ਵੰਡ ਛਕਣ ਨਾਲ ਜੋੜਦਿਆਂ ਗੁਰੂ ਨਾਨਕ ਨੇ ਆਪਣੇ ਆਪ ਨੂੰ ਧਾਰਮਿਕ ਕਹਾਉਣ ਵਾਲੇ ਮਨੁੱਖਾਂ ਜਿਵੇਂ ਮੁੱਲਾਂ ਜਾਂ ਜੋਗੀ ਆਦਿ ਨੂੰ ਵੀ ਕਿਰਤ ਕਮਾਈ ਕਰਨ ਦਾ ਉਪਦੇਸ਼ ਕੀਤਾ ਹੈ।

ਗੁਰੂ ਨਾਨਕ ਅਨੁਸਾਰ ਵਿਹਲੇ ਰਹਿਣ ਵਾਲੇ ਧਾਰਮਿਕ ਕਹਾਉਂਦੇ ਬੰਦੇ, ਜਿਵੇਂ ਕਾਜ਼ੀ, ਪੰਡਿਤਾਂ ਅਤੇ ਜੋਗੀ ਆਦਿ, ਸਮਾਜ ਲਈ ਕੋਈ ਸਾਰਥਿਕ ਯੋਗਦਾਨ ਪਾਉਣ ਦੀ ਥਾਂ ਸਮਾਜ ਦੇ ਉਜਾੜੇ ਦਾ ਕਾਰਨ ਬਣਦੇ ਹਨ। ਕਾਜ਼ੀ ਦਾ ਕੰਮ ਲੋਕਾਂ ਨੂੰ ਇਨਸਾਫ ਦੇਣਾ ਹੁੰਦਾ ਹੈ, ਪ੍ਰੰਤੂ ਉਹ ਰਿਸ਼ਵਤ ਲੈ ਕੇ ਝੂਠ ਬੋਲਦਾ ਹੈ ਅਤੇ ਹਰਾਮ ਦੀ ਕਮਾਈ ਖਾਂਦਾ ਹੈ; ਬ੍ਰਾਹਮਣ ਕਰੋੜਾਂ ਸ਼ੂਦਰ ਕਹੇ ਜਾਣ ਵਾਲੇ ਬੰਦਿਆਂ ਨੂੰ ਦੁਖੀ ਕਰ ਕਰਕੇ ਤੀਰਥ ਇਸ਼ਨਾਨ ਕਰਦਾ ਹੈ; ਜੋਗੀ ਵੀ ਅੰਨ੍ਹਾ ਹੈ ਅਤੇ ਜੀਵਨ-ਜਾਚ ਨਹੀਂ ਜਾਣਦਾ। ਇਸ ਤਰ੍ਹਾਂ ਇਹ ਤਿੰਨੇ ਅੰਦਰੋਂ ਖਾਲੀ ਹਨ ਅਤੇ ਸਮਾਜਿਕ ਉਜਾੜੇ ਦਾ ਕਾਰਨ ਬਣਦੇ ਹਨ:

ਕਾਦੀ ਕੂੜੁ ਬੋਲਿ ਮਲੁ ਖਾਇ॥
ਬ੍ਰਾਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥
ਤੀਨੇ ?ਜਾੜੇ ਕਾ ਬੰਧੁ॥ (ਪੰਨਾ 662)

ਉਨ੍ਹਾਂ ਦਾ ਮੰਨਣਾ ਹੈ ਕਿ ਰੋਜ਼ੀ-ਰੋਟੀ ਖਾਤਰ ਮੁੱਲਾਂ




⇒ ਬਾਕੀ ਅਗਲੇ ਸਫੇ ਉਤੇ ਪੜ੍ਹੋ

# ਸਮਕਾਲੀ ਸੰਦਰਭ

ਆਪਣੇ ਘਰ ਨੂੰ ਹੀ ਮਸੀਤ ਵਿੱਚ ਤਬਦੀਲ ਕਰ ਲੈਂਦਾ ਹੈ ਅਤੇ ਜੋਗੀ ਕੰਨ ਪੜਵਾ ਕੇ ਮੁੰਦਰਾਂ ਪਾ ਲੈਂਦਾ ਹੈ, ਪਰ ਲੋਕਾਂ ਦੇ ਘਰਾਂ ਵਿੱਚੋਂ ਮੰਗ ਕੇ ਖਾਂਦਾ ਹੈ। ਫਿਰ ਵੀ ਆਪਣੇ ਆਪ ਨੂੰ ਇਹ ਸਾਰੇ ਧਾਰਮਿਕ ਆਗੂ ਕਹਾਉਂਦੇ ਹਨ, ਪ੍ਰੰਤੂ ਅਜਿਹੇ ਲੋਕਾਂ ਨੂੰ ਬਿਲਕੁਲ ਵੀ ਧਾਰਮਿਕ ਆਗੂ ਨਹੀਂ ਮੰਨਣਾ ਚਾਹੀਦਾ। ਅਸਲੀ ਰਸਤੇ ਦੀ ਪਛਾਣ ਉਸ ਨੂੰ ਹੁੰਦੀ ਹੈ, ਜੋ ਕਿਰਤ ਕਮਾਈ ਕਰਕੇ ਦੂਜਿਆਂ ਨਾਲ ਵੰਡ ਕੇ ਛਕਦਾ ਹੈ, "ਘਾਲਿ ਖਾਇ ਕਿਛੁ ਹਥਹੁ ਦੇਇ॥ ਨਾਨਕ ਰਾਹੁ ਪਛਾਣਹਿ ਸੇਇ॥" (ਪੰਨਾ 1245)

ਗੁਰੂ ਨਾਨਕ ਨੇ ਸਿਧਾਂਤ ਦੇ ਇਸ ਅਮਲੀ ਪ੍ਰਕਾਸ਼ਨ ਨੂੰ ਪਰਪੱਕ ਕਰਨ ਲਈ ਜਿੱਥੇ ਜਿੱਥੇ ਵੀ ਗਏ, ਸੰਗਤਾਂ ਸਥਾਪਤ ਕੀਤੀਆਂ ਅਤੇ ਗੁਰਤਾ ਦੀ ਪਰੰਪਰਾ ਨੂੰ ਅੱਗੇ ਤੋਰਦਿਆਂ ਆਪਣੇ ਜੀਵਨ ਸਮੇਂ ਵਿੱਚ ਹੀ ਭਾਈ ਲਹਿਣਾ ਜੀ ਨੂੰ ਗੁਰਗੱਦੀ ਦੇ ਕੇ ਆਪਣਾ ਜਾਂਨਸ਼ੀਨ ਥਾਪਿਆ। ਇਸ ਤਰ੍ਹਾਂ ਇਹ ਲੜੀ ਦਸਮ ਗੁਰੂ ਤੱਕ ਚੱਲ ਕੇ ਸ਼ਬਦ-ਗੁਰੂ ਵਿੱਚ ਤਬਦੀਲ ਹੋਈ ਅਤੇ ਸੰਗਤਿ ਨੇ ਖਾਲਸੇ ਦਾ ਰੂਪ ਗ੍ਰਹਿਣ ਕੀਤਾ।

ਮਨੁੱਖੀ ਬਰਾਬਰੀ ਅਤੇ ਏਕਤਾ ਦੇ ਸਿਧਾਂਤ ਦਾ ਆਧਾਰ ਮਨੁੱਖ ਅੰਦਰ ਵਿਆਪਕ ਰੱਬੀ ਜੋਤਿ ਨੂੰ ਮੰਨਿਆ ਹੈ, ਕਿਉਂਕਿ ਸਾਰੇ ਮਨੁੱਖ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਪੰਨਾ 13) ਅਨੁਸਾਰ ਉਸੇ ਇੱਕ ਕਰਤਾ ਪੁਰਖ ਦੀ ਸਿਰਜਣਾ ਹਨ ਅਤੇ ਉਸੇ ਤੋਂ ਪੈਦਾ ਹੋਏ ਹਨ। ਇਸੇ ਲਈ ਗੁਰੂ ਅਰਜਨ ਦੇਵ ਨੇ ਉਸ ਕਰਤਾ ਪੁਰਖ ਨੂੰ "ਤੂੰ ਸਾਝਾ ਸਾਹਿਬੁ ਬਾਪੁ ਹਮਾਰਾ" (ਪੰਨਾ 97) ਕਿਹਾ ਹੈ, ਜਿਸ ਦੇ ਖਜ਼ਾਨੇ ਸਭ ਲਈ ਭਰੇ ਹਨ ਅਤੇ ਜੋ ਮਾਤਾ ਵੀ ਹੈ ਅਤੇ ਪਿਤਾ ਵੀ, "ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ॥" (ਪੰਨਾ 1144)

ਭਗਤ ਕਬੀਰ ਨੇ ਇਸ ਨੂੰ "ਏਕ ਨੂਰ ਤੇ ਸਭ ਜਗ ਉਪਜਿਆ ਕਉਣ ਭਲੇ ਕੋ ਮੰਦੇ" (ਪੰਨਾ 1349) ਕਿਹਾ ਹੈ।ਮਨੁੱਖ ਦਾ ਬਰਾਬਰ ਹੋਣਾ ਹੀ ਸਮਾਜਿਕ ਨਿਆਉਂ ਦਾ ਆਧਾਰ ਹੈ, ਜਿਸ ਵਿੱਚ ਕਿਸੇ ਮਨੁੱਖ ਨੂੰ ਉਚਾ ਜਾਂ ਨੀਵਾਂ ਨਹੀਂ ਸਮਝਿਆ ਜਾ ਸਕਦਾ, ਸਾਰੇ ਮਨੁੱਖ ਸਮਾਜਿਕ ਬਰਾਬਰੀ ਦੇ ਇੱਕੋ ਜਿਹੇ ਅਧਿਕਾਰੀ ਹਨ, ਕੋਈ ਛੋਟਾ ਜਾਂ ਵੱਡਾ ਨਹੀਂ। ਇਸ ਦੇ ਆਧਾਰ 'ਤੇ ਹੀ ਗੁਰੂ ਨਾਨਕ ਸਮਾਜਿਕ ਤੌਰ 'ਤੇ ਨੀਵੇਂ ਜਾਂ ਛੋਟੇ ਕਹੇ ਜਾਣ ਵਾਲੇ ਵਰਗ ਨਾਲ ਖੜ੍ਹਦੇ ਹੋਏ "ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥" (ਪੰਨਾ 15) ਅਤੇ "ਹਉ ਢਾਢੀ ਕਾ ਨੀਚ ਜਾਤਿ ਹੋਰਿ ਉਤਮ ਜਾਤਿ ਸਦਾਇਦੇ॥" (ਪੰਨਾ 468) ਦਾ ਐਲਾਨ ਕਰਦੇ ਹਨ। ਗੁਰੂ ਨਾਨਕ ਅਨੁਸਾਰ ਹਰ ਇਕ ਜਾਤ ਵਿੱਚ ਉਸ ਕਰਤਾ ਪੁਰਖ ਦਾ ਨੂਰ ਹੈ ਅਤੇ ਉਸ ਦੇ ਨੂਰ ਵਿੱਚ ਹਰ ਇਕ ਜਾਤ ਹੈ, "ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰਿ ਰਹਿਆ॥" (ਪੰਨਾ 469) ਅਤੇ "ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ॥" (ਪੰਨਾ 13) ਦਾ ਸਿਧਾਂਤ ਦਿੰਦੇ ਹਨ। ਜਿੱਥੇ ਵਰਣ ਵੰਡ ਅਨੁਸਾਰ ਸੇਵਾ ਕਰਨ ਦੇ ਕੰਮ ਨੂੰ ਨਖਿਧ ਮੰਨਦਿਆਂ ਇਸ ਨੂੰ ਸਭ ਤੋਂ ਹੇਠਲੇ ਦਰਜੇ 'ਤੇ ਮੰਨੇ ਗਏ ਵਰਣ ਨੂੰ ਸੌਂਪਿਆ ਗਿਆ, ਉਥੇ ਹੀ ਸਿੱਖ ਧਰਮ ਚਿੰਤਨ ਵਿੱਚ ਸੇਵਾ ਅਤੇ ਪਰਉਪਕਾਰ ਨੂੰ ਅਧਿਆਤਮਕ ਪ੍ਰਾਪਤੀ ਦੇ ਰਸਤੇ ਦਾ ਜ਼ਰੂਰੀ ਕਰਮ ਦੱਸਿਆ ਗਿਆ, "ਵਿਚਿ ਦੁਨੀਆ ਸੇਵ ਕਮਾਈਐ॥ ਤਾ ਦਰਗਹ ਬੈਸਣੁ ਪਾਈਐ॥" (ਪੰਨਿ 26) ਅਤੇ ਗੁਰੂ ਅਰਜਨ ਦੇਵ ਅਨੁਸਾਰ ਇਹ ਸੇਵਾ ਕਰਕੇ ਕੋਈ ਹੰਕਾਰ ਨਹੀਂ ਕਰਨਾ ਅਤੇ ਕਿਸੇ ਨੂੰ ਜਤਾਉਣਾ ਨਹੀਂ "ਸੇਵਾ ਕਰਤ ਹੋਇ ਨਿਹਕਾਮੀ॥ ਤਿਸੁ ਕਉ ਹੋਤ ਪਰਾਪਤਿ ਸੁਆਮੀ॥" (ਪੰਨਾ 286) ਅਤੇ ਪਰਮਸਤਿ ਦਾ ਗਿਆਨ ਪ੍ਰਾਪਤ ਕਰਨ ਵਾਲੇ ਮਨੁੱਖ ਨੂੰ ਦੂਸਰਿਆਂ ਦਾ ਭਲਾ ਕਰਕੇ ਖੁਸ਼ੀ ਪ੍ਰਾਪਤ ਹੁੰਦੀ ਹੈ, "ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥" (ਪੰਨਾ 273)

ਕਿਸੇ ਦਾ ਹਕੁ ਖੋਹਣਾ ਵੀ ਸਮਾਜਿਕ ਅਨਿਆਂ ਹੈ, ਜਿਸ ਨੂੰ ਗੁਰੂ ਨਾਨਕ ਨੇ ਸਿਰਫ ਅਨੈਤਿਕ ਹੀ ਨਹੀਂ ਮੰਨਿਆ, ਬਲਕਿ ਧਾਰਮਿਕ ਕਸਮ ਤੋੜਨ ਦੇ ਬਰਾਬਰ ਮੰਨਦਿਆਂ "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ" (ਪੰਨਾ 141) ਕਿਹਾ ਹੈ। ਛੋਟੀਆਂ ਕਹੀਆਂ ਜਾਣ ਵਾਲੀਆਂ ਜਾਤੀਆਂ ਦੀ ਤਰ੍ਹਾਂ ਹੀ ਔਰਤ ਵੀ ਸਮਾਜਿਕ ਅਨਿਆਂ ਝੇਲਦੀ ਰਹੀ ਹੈ। ਸਿੱਖ ਧਰਮ ਦੇ ਉਦੈ ਵੇਲੇ ਭਾਰਤੀ ਸਮਾਜ ਵਿੱਚ ਔਰਤ ਦੀ ਹਾਲਤ ਬਹੁਤ ਬੁਰੀ ਸੀ ਅਤੇ ਉਸ ਨੂੰ ਅਧਿਆਤਮਕ ਪ੍ਰਾਪਤੀਆਂ ਦੇ ਰਸਤੇ ਦਾ ਰੋੜਾ ਸਮਝਿਆ ਜਾਂਦਾ ਸੀ। ਗੁਰੂ ਨਾਨਕ ਨੇ ਔਰਤਾਂ ਦੇ ਹੱਕ ਵਿੱਚ "ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ" (ਪੰਨਾ 473) ਰਾਹੀਂ ਸਿਰਫ ਆਵਾਜ਼ ਹੀ ਨਹੀਂ ਬੁਲੰਦ ਕੀਤੀ, ਬਲਕਿ ਅਹਿਸਾਸ ਕਰਾਇਆ ਕਿ ਔਰਤ ਤੋਂ ਬਿਨਾ ਸਮਾਜਿਕ ਤਾਣਾ-ਬਾਣਾ ਸੰਭਵ ਹੀ ਨਹੀਂ ਹੈ, ਕਿਉਂਕਿ ਸਾਰੇ ਸਮਾਜਿਕ ਰਿਸ਼ਤਿਆਂ ਦਾ ਆਧਾਰ ਔਰਤ ਹੈ। ਔਰਤ ਰਾਹੀਂ ਹੀ ਸਮਾਜਿਕ ਪੀੜ੍ਹੀਆਂ ਅੱਗੇ ਚੱਲਦੀਆਂ ਹਨ ਅਤੇ ਰਿਸ਼ਤੇ ਬਣਦੇ ਹਨ। ਗੁਰੂ ਨਾਨਕ ਨੇ ਅਧਿਆਤਮਕ ਪ੍ਰਾਪਤੀਆਂ ਲਈ ਸੰਨਿਆਸੀ ਹੋਣ ਨਾਲੋਂ ਗ੍ਰਹਿਸਥੀ ਹੋਣ ਨੂੰ ਪ੍ਰਮੁੱਖਤਾ ਦਿੱਤੀ, ਕਿਉਂਕਿ ਗ੍ਰਹਿਸਥ ਵਿੱਚ ਹੀ ਸਹਿਜ ਕਾਇਮ ਰੱਖਿਆ ਜਾ ਸਕਦਾ ਹੈ।ਇਸੇ ਨੂੰ ਸਹਿਜ ਮਾਰਗ ਕਿਹਾ ਹੈ। ਉਹ ਕਰਤਾ ਪੁਰਖ "ਆਪੇ ਹੀ ਪੁਰਖੁ ਆਪੇ ਹੀ ਨਾਰੀ" (ਪੰਨਾ 1020) ਹੈ। ਇਸੇ ਤਰ੍ਹਾਂ ਔਰਤ ਦੇ ਪ੍ਰਸੂਤ ਦੀ ਅਵਸਥਾ ਵਿੱਚ ਹੋਣ ਨੂੰ ਸੂਤਕ ਜਾਂ ਅਪਵਿੱਤ੍ਰ ਮੰਨਿਆ ਜਾਂਦਾ ਸੀ। ਗੁਰੂ ਨਾਨਕ ਨੇ ਇਸ ਦਾ ਵਿਰੋਧ ਕਰਦਿਆਂ ਕਿਹਾ ਕਿ ਪ੍ਰਸੂਤ ਅਪਵਿੱਤ੍ਰ ਨਹੀਂ ਹੈ, ਇਹ ਕੁਦਰਤੀ ਅਮਲ ਹੈ, ਬਲਕਿ ਸੂਤਕ ਜਾਂ ਅਪਵਿੱਤ੍ਰ ਤਾਂ ਝੂਠ ਬੋਲਣਾ, ਲੋਭ ਕਰਨਾ, ਮੰਦਾ ਸੁਣਨਾ ਅਤੇ ਪਰਾਈ ਔਰਤ ਅਤੇ ਪਰਾਏ ਧਨ ਨੂੰ ਬੁਰੀ ਨਿਗਾਹ ਨਾਲ ਦੇਖਣਾ ਆਦਿ ਹੈ:

ਮਨ ਕਾ ਸੂਤਕੁ ਲੋਭੁ ਹੈ ਜਿਹਵਾ ਸੂਤਕੁ ਕੂੜੁ॥
ਅਖੀ ਸੂਤਕੁ ਵੇਖਣਾ ਪਰ ਤ੍ਰਿਅ ਪਰ ਧਨ ਰੂਪੁ॥
ਕੰਨੀ ਸੂਤਕੁ ਕੰਨਿ ਪੈ ਲਾਇਤਬਾਰੀ ਖਾਹਿ॥
ਨਾਨਕ ਹੰਸਾ ਆਦਮੀ ਬਧੇ ਜਮ ਪੁਰਿ ਜਾਹਿ॥
(ਪੰਨਾ 472)

ਗੁਰੂ ਅਮਰਦਾਸ ਨੇ ਔਰਤ ਦੇ ਸਤੀ ਹੋਣ ਵਿਰੁੱਧ ਆਵਾਜ਼ ਉਠਾਈ ਅਤੇ ਤਰਕ ਰਾਹੀਂ ਦੱਸਿਆ ਕਿ ਸਤੀਆਂ ਉਹ ਨਹੀਂ ਹੁੰਦੀਆਂ, ਜੋ ਪਤੀ ਦੀ ਚਿਖਾ ਨਾਲ ਸੜ ਕੇ ਮਰਦੀਆਂ ਹਨ, ਬਲਕਿ ਸਤੀਆਂ ਉਹ ਹੁੰਦੀਆਂ ਹਨ, ਜੋ "ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨ੍ਹਿ॥ ਨਾਨਕ ਸਤੀਆ ਜਾਣੀਅਨ੍ਹਿ ਜਿ ਬਿਰਹੇ ਚੋਟ ਮਰੰਨ੍ਹਿ॥" (ਪੰਨਾ 787); ਪਰਦਾ ਕਰਨਾ ਔਰਤ ਦੀ ਗੁਲਾਮੀ ਦੀ ਨਿਸ਼ਾਨੀ ਹੈ ਅਤੇ ਗੁਰੂ ਅਮਰਦਾਸ ਨੇ ਬੀਬੀਆਂ ਨੂੰ ਪਰਦਾ ਕਰਨ ਦੀ ਮਨਾਹੀ ਕੀਤੀ। ਇਸੇ ਸਬੰਧੀ ਭਗਤ ਕਬੀਰ ਨੇ ਬਚਨ ਕੀਤਾ ਹੈ ਕਿ ਪਰਦਾ ਕਰਨ ਨਾਲ ਵੱਧ ਤੋਂ ਵੱਧ ਇਹੀ ਹੈ ਕਿ ਲੋਕ ਕਹਿਣਗੇ ਬਹੂ ਭਲੀ ਆਈ ਹੈ, ਪਰ ਇਹ ਕੋਈ ਅਧਿਆਤਮਕ ਪ੍ਰਾਪਤੀ ਨਹੀਂ ਹੈ, "ਘੂੰਘਟ ਕਾਢੇ ਕੀ ਇਹੈ ਬਡਾਈ॥ ਦਿਨ ਦਸ ਪਾਂਚ ਬਹੂ ਭਲੀ ਆਈ॥ (ਪੰਨਾ 484) ਇਸੇ ਤਰ੍ਹਾਂ ਕੁੜੀਆਂ ਨੂੰ ਬੋਝ ਸਮਝ ਕੇ ਮਾਰ ਦੇਣ ਦਾ ਰਿਵਾਜ ਸੀ, ਪ੍ਰੰਤੂ ਸਮਾਜ ਵਿੱਚ ਬ੍ਰਾਹਮਣ ਅਤੇ ਗਊ ਦੀ ਹੱਤਿਆ ਨੂੰ ਬੁਰਾ ਮੰਨਿਆ ਜਾਂਦਾ ਸੀ। ਗੁਰੂ ਅਮਰਦਾਸ ਜੀ ਨੇ ਕੁੜੀਆਂ ਦਾ ਕਤਲ ਕਰਨ ਨੂੰ ਬ੍ਰਾਹਮਣ ਤੇ ਗਊ ਦੀ ਹੱਤਿਆ ਕਰਨ ਦੇ ਬਰਾਬਰ ਕਿਹਾ ਹੈ ਅਤੇ ਇਸ ਨੂੰ ਬੁਰੇ ਬੰਦਿਆਂ ਦੀ ਭੇਟ ਸਵੀਕਾਰ ਕਰ ਲੈਣ ਵਾਂਗ ਪਾਪ ਮੰਨਿਆ ਹੈ, "ਬ੍ਰਹਮਣ ਕੈਲੀ ਘਾਤੁ ਕੰਞਕਾ ਅਣਚਾਰੀ ਕਾ ਧਾਨੁ॥ ਫਿਟਕ ਫਿਟਕ ਕੋੜੁ ਬਦੀਆ ਸਦਾ ਸਦਾ ਅਭਿਮਾਨ॥" (ਪੰਨਾ 1413)

ਗੁਰੂ ਨਾਨਕ ਨੇ ਗਰੀਬਾਂ 'ਤੇ ਜ਼ੁਲਮ ਕਰਨ ਵਾਲੇ ਰਾਜਿਆਂ ਅਤੇ ਅਧਿਕਾਰੀਆਂ ਨੂੰ ਵੀ ਫਿਟਕਾਰਿਆ ਅਤੇ ਉਨ੍ਹਾਂ ਨੂੰ ਰੱਤ ਚੱਟਣ ਵਾਲੇ ਕੁੱਤੇ ਤੱਕ ਕਿਹਾ। ਦੱਸਿਆ ਕਿ ਜੋ ਮਨੁੱਖ ਦੂਸਰਿਆਂ ਦਾ ਹੱਕ ਖੋਂਹਦੇ ਹਨ, ਉਹ ਦੂਸਰਿਆਂ ਦਾ ਖੂਨ ਪੀਣ ਦੇ ਬਰਾਬਰ ਹੈ। ਜੇ ਕੱਪੜੇ ਨੂੰ ਰੱਤ ਲੱਗ ਜਾਵੇ ਤਾਂ ਉਸ ਨੂੰ ਅਪਵਿੱਤਰ ਮੰਨਿਆ ਜਾਂਦਾ ਹੈ ਅਤੇ ਜੋ ਫਿਰ ਮਨੁੱਖਾਂ ਦਾ ਖੂਨ ਚੂਸਦੇ ਹਨ, ਉਨ੍ਹਾਂ ਨਾਲ ਧੱਕਾ ਕਰਦੇ ਹਨ, ਉਨ੍ਹਾਂ ਦੇ ਮਨ ਕਿਵੇਂ ਨਿਰਮਲ ਹੋ ਸਕਦੇ ਹਨ, "ਜੇ ਰਤੁ ਲਗੈ ਕਪੜੈ ਜਾਮਾ ਹੋਇ ਪਲੀਤੁ॥ ਜੋ ਰਤੁ ਪੀਵਹਿ ਮਾਣਸਾ ਤਿਨ ਕਿਉ ਨਿਰਮਲੁ ਚੀਤੁ॥" (ਪੰਨਾ 140)

ਗੁਰੂ ਨਾਨਕ ਨੇ ਕੁਦਰਤਿ ਨੂੰ ਕਰਤਾ ਪੁਰਖ ਦਾ ਪਰਗਟ ਰੂਪ ਮੰਨਦਿਆਂ ਮਨੁੱਖ ਨੂੰ ਕੁਦਰਤਿ ਨਾਲ ਜੋੜਿਆ ਹੈ ਅਤੇ ਕੁਦਰਤਿ ਦਾ ਸਤਿਕਾਰ ਕਰਨਾ ਸਿਖਾਇਆ। ਕਾਦਰ ਆਪਣੀ ਕੁਦਰਤਿ ਵਿੱਚ ਆਪ ਵਸਦਾ ਹੈ, ਉਹ ਅਤੇ ਉਸ ਦੀ ਕੁਦਰਤਿ ਏਨੀ ਅਸੀਮ ਹੈ ਕਿ ਉਸ ਦਾ ਅੰਤ ਨਹੀਂ ਪਾਇਆ ਜਾ ਸਕਦਾ, "ਬਲਿਹਾਰੀ ਕੁਦਰਤਿ ਵਸਿਆ॥ ਤੇਰਾ ਅੰਤੁ ਨ ਜਾਈ ਲਖਿਆ॥" (ਪੰਨਾ 469)। ਦੱਸਿਆ ਹੈ ਕਿ ਕਰਤਾ ਪੁਰਖ ਨੇ ਆਪ ਹੀ ਆਪਣੇ ਆਪ ਨੂੰ ਬਣਾਇਆ ਅਤੇ ਉਸ ਨੇ ਕੁਦਰਤਿ ਦੀ ਰਚਨਾ ਵੀ ਆਪਣੇ ਆਪ ਤੋਂ ਕੀਤੀ, ਜਿਸ ਵਿੱਚ ਬੈਠ ਕੇ ਉਹ ਇਸ ਨੂੰ ਦੇਖ ਰਿਹਾ ਹੈ ਅਤੇ ਖੁਸ਼ ਹੋ ਰਿਹਾ ਹੈ। ਗੁਰੂ ਨਾਨਕ ਪਾਤਿਸ਼ਾਹ ਨੇ ਕੁਦਰਤਿ ਦਾ ਸੰਕਲਪ ਦਿੱਤਾ ਹੈ, ਜਿਸ ਵਿੱਚ ਸਭ ਕੁੱਝ ਆ ਜਾਂਦਾ ਹੈ: ਫ਼ਲਸਫ਼ਾ, ਧਾਰਮਿਕ ਗ੍ਰੰਥ, ਖਾਣਾ-ਪੀਣਾ, ਪਹਿਨਣਾ, ਮਨੁੱਖ ਦਾ ਚੰਗਾ-ਮੰਦਾ ਵਤੀਰਾ, ਸੁਭਾਅ ਆਦਿ। ਇਹ ਸਾਰਾ ਬ੍ਰਹਿਮੰਡ ਅਤੇ ਇਸ ਦਾ ਪ੍ਰਬੰਧ ਬੱਝਵੇਂ ਨੇਮ ਵਿੱਚ ਚੱਲ ਰਿਹਾ ਹੈ:

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ॥
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ॥
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ॥
ਕੁਦਰਤਿ ਖਾਣਾ ਪੀਣਾ ਪੈਨ੍ਹਣੁ ਕੁਦਰਤਿ ਸਰਬ ਪਿਆਰੁ॥(ਪੰਨਾ 464)

ਉਸ ਦੀ ਕੁਦਰਤਿ ਨੂੰ ਸਤਿਕਾਰ ਦਿੰਦਿਆਂ ਹੀ "ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ॥ ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ॥" ਕਿਹਾ ਹੈ। ਗੁਰੂ ਨਾਨਕ ਕੁਦਰਤਿ ਨੂੰ ਬਹੁਤ ਪਿਆਰ ਕਰਦੇ ਸਨ। ਆਪਣੇ ਜੀਵਨ ਦਰਸ਼ਨ ਨੂੰ ਸਮਝਾਉਣ ਲਈ ਉਨ੍ਹਾਂ ਨੇ ਕਾਦਰ ਦੀ ਰਚੀ ਕੁਦਰਤਿ ਦੀ ਹਰ ਵੰਨਗੀ ਦਾ ਜ਼ਿਕਰ ਕੀਤਾ ਹੈ; ਰੁੱਤਾਂ, ਬ੍ਰਿਛਾਂ-ਬੂਟਿਆਂ, ਜੰਗਲਾਂ-ਬੇਲਿਆਂ, ਦਰਿਆਵਾਂ-ਸਾਗਰਾਂ, ਪਸ਼ੂਆਂ, ਪੰਛੀਆਂ ਅਤੇ ਹੋਰ ਅਨੇਕ ਜੀਵਾਂ ਦੀ ਗੱਲ ਕੀਤੀ ਹੈ। ਦਰਿਆਵਾਂ ਨਾਲ ਦੋਸਤੀ ਦੀਆਂ ਬਾਤਾਂ ਪਾਈਆਂ ਹਨ।

ਪੰਜਾਬੀ ਸੱਭਿਆਚਾਰ ਨੂੰ ਸਿੱਖ ਧਰਮ ਦੀ ਬਹੁਤ ਵੱਡੀ ਦੇਣ ਹੈ। ਬਾਣੀ ਆਮ ਲੋਕਾਂ ਵਾਸਤੇ ਆਮ ਲੋਕਾਂ ਦੀ ਬੋਲੀ ਜਾਣ ਵਾਲੀ ਬੋਲੀ ਵਿੱਚ ਰਚੀ ਗਈ। ਪ੍ਰਚੱਲਤ ਲੋਕ ਵੰਨਗੀਆਂ ਜਿਵੇਂ ਘੋੜੀਆਂ, ਅਲਾਹੁਣੀਆਂ, ਸਦ, ਵਾਰਾਂ ਦੀ ਵਰਤੋਂ ਕੀਤੀ ਅਤੇ ਵਾਰਾਂ ਨੂੰ ਲੋਕ ਧੁਨੀਆਂ 'ਤੇ ਗਾਉਣ ਦਾ ਅਦੇਸ਼ ਕੀਤਾ ਗਿਆ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਇਕੱਤੀ ਰਾਗਾਂ ਵਿੱਚ ਹੈ, ਜਿਸ ਨੂੰ ਨਿਰਧਾਰਤ ਰਾਗਾਂ ਵਿੱਚ ਹੀ ਗਾਉਣ ਦਾ ਆਦੇਸ਼ ਹੈ। ਇਸ ਤਰ੍ਹਾਂ ਗੁਰਮਤਿ ਸੰਗੀਤ ਨੇ ਪੰਜਾਬ ਦੇ ਸੱਭਿਆਚਾਰ ਨੂੰ ਅਮੀਰ ਬਣਾਇਆ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦੇ ਰੂਪ ਵਿੱਚ ਪੰਜਾਬ ਤੋਂ ਬਾਹਰਲੇ ਅਧਿਆਤਮਕ ਵਿਰਸੇ ਨੂੰ ਸਾਂਭਿਆ, ਜਿਸ ਵਿੱਚ ਜਾਤ-ਪਾਤਿ, ਧਾਰਮਿਕ ਜਾਂ ਇਲਾਕਾਈ ਵਖਰੇਵੇਂ ਨੂੰ ਕੋਈ ਥਾਂ ਪ੍ਰਾਪਤ ਨਹੀਂ ਹੈ। ਮਨੁੱਖ ਨੂੰ ਦੱਸਿਆ ਕਿ ਗੋਸ਼ਟਿ ਅਰਥਾਤ ਵਿਚਾਰ-ਚਰਚਾ ਰਾਹੀਂ, ਸਹੀ ਤਰਕ ਨਾਲ ਮਸਲਿਆਂ ਨੂੰ ਸੁਲਝਾਇਆ ਜਾ ਸਕਦਾ ਹੈ, "ਰੋਸੁ ਨ ਕੀਜੈ ਉਤਰੁ ਦੀਜੈ ਕਿਉ ਪਾਈਐ ਗੁਰ ਦੁਆਰੋ॥" (ਪੰਨਾ 938) ਇਸ ਦੀ ਖਾਸ ਮਿਸਾਲ ਗੁਰੂ ਨਾਨਕ ਦੀ ਰਚੀ ਬਾਣੀ 'ਸਿਧ ਗੋਸਟਿ' ਅਤੇ 'ਦੱਖਣੀ ਓਅੰਕਾਰੁ' ਹਨ। ਗੁਰੂ ਅਰਜਨ ਦੇਵ ਜੀ ਨੇ ਭਰਮ-ਭੁਲੇਖਿਆਂ ਨੂੰ ਦੂਰ ਕਰਨ ਅਤੇ ਸਮੱਸਿਆਵਾਂ ਨੂੰ ਸੁਲਝਾਉਣ ਲਈ ਮਿਲ ਬੈਠਣ ਦਾ ਉਪਦੇਸ਼ ਕੀਤਾ ਹੈ, "ਹੋਇ ਇਕਤ੍ਰ ਮਿਲਹੁ ਮੇਰੇ ਭਾਈ॥ਦੁਬਿਧਾ ਦੂਰਿ ਕਰਹੁ ਲਿਵ ਲਾਇ॥ ਹਰਿ ਨਾਮੈ ਕੇ ਹੋਵਹੁ ਜੋੜੀ ਗੁਰਮੁਖਿ ਬੈਸਹੁ ਸਫਾ ਵਿਛਾਇ॥" (ਪੰਨਾ 1195) ਇਹੀ ਜਮੂਹਰੀਅਤ ਦਾ ਅਧਾਰ ਹੈ। ਗੁਰੂ ਨਾਨਕ ਆਪਣੀ ਗੱਲ ਕਹਿਣ ਅਤੇ ਦੂਸਰਿਆਂ ਨੂੰ ਸੁਣਨ ਦੀ ਗੱਲ ਕਰਦੇ ਹਨ, "ਜਬ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥" (ਪੰਨਾ 661) ਇਸ ਸਾਰੇ ਕੀਮਤ ਵਿਧਾਨ ਦਾ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਦਸ ਗੁਰੂ ਸਾਹਿਬਾਨ ਦੇ ਸਮੇਂ ਵਿੱਚ ਅਮਲੀ ਪ੍ਰਕਾਸ਼ਨ ਹੋਇਆ, ਜਿਸ ਲਈ ਸਮੇਂ ਸਮੇਂ ਸੰਸਥਾਵਾਂ ਸਥਾਪਤ ਕੀਤੀਆਂ ਗਈਆਂ। ਗੁਰੂ ਨਾਨਕ ਵਿੱਚ ਰੱਬੀ ਜੋਤਿ ਨੂੰ ਪਛਾਣਨ ਵਾਲਾ ਸਭ ਤੋਂ ਪਹਿਲਾ ਰਾਇ ਬੁਲਾਰ ਭੱਟੀ ਅਤੇ ਉਨ੍ਹਾਂ ਦੀ ਪਹਿਲੀ ਸਿੱਖ ਬੀਬੀ ਨਾਨਕੀ ਹੋਈ। ਮਰਦਾਨਾ ਜੋ ਜਾਤ ਅਤੇ ਧਰਮ- ਦੋਹਾਂ ਕਰਕੇ ਹੀ ਵੱਖਰਾ ਸੀ, ਸਾਰੀ ਜ਼ਿੰਦਗੀ ਗੁਰੂ ਨਾਨਕ ਦਾ ਸਾਥੀ ਰਿਹਾ ਅਤੇ ਜਦੋਂ ਬਾਣੀ ਆਉਂਦੀ ਤਾਂ ਗੁਰੂ ਨਾਨਕ ਮਰਦਾਨੇ ਨੂੰ ਰਬਾਬ ਦੀਆਂ ਧੁਨਾਂ ਛੇੜਨ ਲਈ ਕਹਿੰਦੇ। ਗੁਰੂ ਨਾਨਕ ਨੇ ਹਿੰਦੂ ਨੂੰ ਸਮਝਾਇਆ ਕਿ ਜੇ ਮਨ ਵਿੱਚ ਖੋਟ ਹੋਵੇ ਤਾਂ ਪਾਣੀ ਦੀਆਂ ਚੁਲੀਆਂ ਭਰਨ ਨਾਲ ਮੂੰਹ ਸੁੱਚਾ ਨਹੀਂ ਹੋ ਜਾਂਦਾ ਅਤੇ ਮਨ ਪਵਿੱਤਰ ਨਹੀਂ ਹੁੰਦਾ। ਮੁਸਲਮਾਨ ਨੂੰ ਸੱਚਾ ਮੁਸਲਮਾਨ ਬਣਨ ਲਈ ਮਿਹਰ ਨੂੰ ਮਸੀਤ, ਸਿਦਕ ਨੂੰ ਮੁਸੱਲਾ, ਹੱਕ-ਹਲਾਲ ਦੀ ਕਮਾਈ ਨੂੰ ਪਵਿੱਤਰ ਕੁਰਾਨ, ਵਿਕਾਰਾਂ ਤੋਂ ਦੂਰ ਰਹਿਣ ਨੂੰ ਸੁੰਨਤ ਬਣਾਉਣ ਲਈ ਕਿਹਾ। ਇਸੇ ਤਰ੍ਹਾਂ ਕਾਬਾ, ਨਮਾਜ਼, ਰੋਜ਼ੇ, ਪੀਰ ਅਤੇ ਤਸਬੀ ਆਦਿ ਨੂੰ ਆਪਣੇ ਅੰਦਰ ਨੈਤਿਕ ਗੁਣ ਪੈਦਾ ਕਰਨ ਨਾਲ ਜੋੜਿਆ। ਹਿੰਦੂਆਂ, ਜੋਗੀਆਂ, ਬੋਧੀਆਂ, ਜੈਨੀਆਂ, ਮੁਸਲਮਾਨਾਂ ਸਭ ਦੇ ਤੀਰਥ ਸਥਾਨਾਂ 'ਤੇ ਗਏ ਅਤੇ ਉਨ੍ਹਾਂ ਨਾਲ ਸੰਵਾਦ ਰਚਾਇਆ।ਮਨੁੱਖ ਦਾ ਆਪਣੇ ਅੰਦਰ ਵਸਦੀ ਜੋਤਿ ਨੂੰ ਅਨੁਭਵ ਕਰਨਾ ਉਸ ਦੇ ਸਵੈਮਾਨ ਦਾ ਆਧਾਰ ਹੈ, ਜਿਸ ਲਈ ਗੁਰੂ ਅਮਰਦਾਸ ਨੇ ਮਨੁੱਖ ਨੂੰ ਆਪਣੇ ਅੰਦਰਲੀ ਰੱਬੀ ਜੋਤਿ ਦਾ ਅਨੁਭਵ ਕਰਨ ਦੀ ਗੱਲ ਕੀਤੀ, "ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ॥ ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ॥" ਦੀ ਪ੍ਰੇਰਨਾ ਕੀਤੀ ਅਤੇ ਦੱਸਿਆ ਕਿ ਸਵੈਮਾਨ ਨੂੰ ਕਾਇਮ ਰੱਖ ਕੇ ਜਿਉਣਾ ਹੀ ਅਸਲ ਜੀਵਨ ਹੈ, "ਜੇ ਜੀਵੈ ਪਤਿ ਲਥੀ ਜਾਇ॥ ਸਭੁ ਹਰਾਮੁ ਜੇਤਾ ਕਿਛੁ ਖਾਇ॥" (ਪੰਨਾ 142)

ਗੁਰੂ ਨਾਨਕ ਨੇ ਨਵੇਂ ਧਰਮ ਲਈ ਨਵੀਂ ਪਿਰਤ ਪਾਈ ਅਤੇ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਨਵਾਂ ਨਗਰ ਵਸਾਇਆ ਤੇ ਪਰਿਵਾਰ ਸਮੇਤ ਇਥੇ ਵੱਸ ਗਏ। ਖੇਤੀਬਾੜੀ ਦੀ ਕਿਰਤ ਸ਼ੁਰੂ ਕੀਤੀ, ਜਿੱਥੇ ਸਵੇਰ-ਸ਼ਾਮ ਸੰਗਤਾਂ ਨਾਮ-ਬਾਣੀ ਦਾ ਜਾਪ ਕਰਦੀਆਂ ਅਤੇ ਕੀਰਤਨ ਦਾ ਅਨੰਦ ਮਾਣਦੀਆਂ, ਸਾਂਝਾ ਲੰਗਰ ਤਿਆਰ ਹੁੰਦਾ, ਜਿਸ ਨੂੰ ਸਾਂਝੇ ਤੌਰ 'ਤੇ ਛਕਿਆ ਜਾਂਦਾ। ਸਿੱਖ ਧਰਮ ਨੇ ਲੋਕਾਂ ਨੂੰ ਸੇਵਾ ਕਰਨ ਅਤੇ ਸਾਂਝੇ ਤੌਰ 'ਤੇ ਮੁਸੀਬਤਾਂ ਨਾਲ ਨਜਿੱਠਣਾ ਸਿਖਾਇਆ। ਮੌਜੂਦਾ ਦੌਰ ਵਿੱਚ ਇਸ ਦਾ ਪ੍ਰਤੱਖ ਦਰਸ਼ਨ ਸਾਰੇ ਹਿੰਦੁਸਤਾਨ ਨੂੰ ਦਿੱਲੀ ਵਿੱਚ ਸਾਲ ਭਰ ਤੋਂ ਵੱਧ ਚੱਲੇ ਕਿਸਾਨ ਮੋਰਚੇ ਵਿੱਚ ਦੇਖਣ ਨੂੰ ਮਿਲਿਆ। ਭਾਵੇਂ ਹਿੰਦੁਸਤਾਨ ਦੇ ਜਾਂ ਦੁਨੀਆ ਦੇ ਕਿਸੇ ਕੋਨੇ ਵਿੱਚ ਕੁਦਰਤੀ ਆਫਤਾਂ ਦੀ ਮਾਰ ਹੋਵੇ, ਸੀਰੀਆ ਦੀ ਘਰੇਲੂ ਜੰਗ ਜਾਂ ਰੂਸ-ਯੂਕਰੇਨ ਦੀ ਜੰਗ ਹੈ, ਮਹਾਂਮਾਰੀ ਦੀ ਮਾਰ ਹੋਵੇ- ਸਿੱਖ ਹਰ ਮੁਸੀਬਤ ਸਮੇਂ ਦੁਖੀਆਂ ਦੀ ਮੱਦਦ ਕਰਨ ਲਈ, ਪੀੜਤਾਂ ਦੀ ਸੇਵਾ ਲਈ ਪਹੁੰਚ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਮਨੁੱਖ ਦੀ ਉਪਭੋਗਤਾ ਬਿਰਤੀ ਨੇ ਕੁਦਰਤਿ ਨਾਲ ਬਹੁਤ ਛੇੜ-ਛਾੜ ਕੀਤੀ ਹੈ, ਜਿਸ ਦਾ ਨਤੀਜਾ ਹੈ ਕਿ ਬੇਤਹਾਸ਼ਾ ਫੈਕਟਰੀਆਂ ਦੇ ਧੂੰਏਂ ਅਤੇ ਗੰਦੇ ਪਾਣੀ ਨੇ ਮਿੱਟੀ, ਹਵਾ, ਪਾਣੀ ਸਭ ਕੁੱਝ ਪਲੀਤ ਕਰ ਦਿੱਤਾ ਹੈ। ਕੁਦਰਤਿ ਨਾਲ ਇਸ ਅਣਮਿਣਤ ਛੇੜ-ਛਾੜ ਨੇ ਸਮੁੱਚੀ ਮਨੁੱਖਤਾ ਨੂੰ ਕੁਦਰਤੀ ਆਫਤਾਂ ਅਤੇ ਭਿਆਨਕ ਮਹਾਂਮਾਰੀਆਂ ਦੇ ਸਨਮੁਖ ਕਰ ਦਿੱਤਾ ਹੈ। ਅੱਜ ਵੀ ਔਰਤ ਦਾ ਸਵੈਮਾਨ, ਉਸ ਦੀ ਇੱਜ਼ਤ ਅਤੇ ਜਾਨ ਖਤਰੇ ਵਿੱਚ ਹੈ। ਧੀਆਂ ਨੂੰ ਜਨਮ ਤੋਂ ਪਹਿਲਾਂ ਹੀ ਕਤਲ ਕਰ ਦਿੱਤਾ ਜਾਂਦਾ ਹੈ। ਸਿੱਖ ਕੀਮਤ ਵਿਧਾਨ ਨੂੰ ਅਪਨਾਉਣ ਦੀ ਮਨੁੱਖ ਨੂੰ ਅੱਜ ਸਭ ਤੋਂ ਵੱਧ ਲੋੜ ਹੈ ਤਾਂ ਕਿ ਮਨੁੱਖਤਾ ਨੂੰ ਬਚਾਇਆ ਜਾ ਸਕੇ। ਕੁਦਰਤਿ ਦੀ ਅੰਨ੍ਹੀ ਲੁੱਟ ਨੂੰ ਠੱਲ੍ਹ ਪਾ ਕੇ ਧਰਤੀ ਨੂੰ ਰਹਿਣ ਯੋਗ ਬਣਾਇਆ ਜਾ ਸਕੇ। ਮਨੁੱਖ ਕੋਲੋਂ ਕਿਰਤ ਖੁਸਦੀ ਜਾ ਰਹੀ ਹੈ, ਜਿਸ ਨੇ ਬੇਰੁਜ਼ਗਾਰੀ ਵਧਾ ਦਿੱਤੀ ਹੈ। ਗੁਰੂ ਨਾਨਕ ਸਾਹਿਬ ਦਾ ਦਿੱਤਾ ਕੀਮਤ-ਵਿਧਾਨ ਤੇ ਮਾਨਵਤਾਵਾਦ ਦਾ ਸੰਕਲਪ ਦੁਨੀਆ ਦੇ ਦੁੱਖਾਂ ਦਰਦਾਂ ਨੂੰ ਦੂਰ ਕਰਨ ਲਈ ਰਾਹ-ਦਰਸਾਵਾ ਹੋ ਸਕਦਾ ਹੈ ਅਤੇ ਕੁਦਰਤਿ ਨਾਲ ਪਿਆਰ ਕਰਨ ਵਾਲੇ ਨਵੇਂ ਸੱਭਿਆਚਾਰ ਦਾ ਜਨਮ-ਦਾਤਾ ਹੋ ਸਕਦਾ ਹੈ, ਜਿਸ ਦਾ ਮੁਖ ਮੰਤਵ "ਸਰਬੱਤ ਦਾ ਭਲਾ" ਹੈ।

# ਸਾਈਂ ਮੀਆਂ ਮੀਰ

ਮੀਆਂ ਮੀਰ ਜੀ ਸੰਖੇਪ ਬਿਮਾਰੀ ਤੋਂ ਉੱਭਰ ਨਾ ਸਕੇ ਅਤੇ 11 ਅਗਸਤ 1634 ਈ. (1045 ਹਿਜਰੀ) ਨੂੰ ਇਸ ਫ਼ਾਨੀ ਜਹਾਨ ਨੂੰ ਅਲਵਿਦਾ ਕਹਿ ਗਏ। ਮੌਤ ਉਪਰੰਤ ਹਾਕਿਮ-ਏ-ਸ਼ਹਿਰ ਨੇ ਉਨ੍ਹਾਂ ਦੇ ਕਫ਼ਨ-ਦਫ਼ਨ ਦਾ ਪ੍ਰਬੰਧ ਕੀਤਾ ਅਤੇ ਵੱਡੀ ਸੰਖਿਆ ਵਿੱਚ ਲੋਕਾਂ ਨੇ ਉਨ੍ਹਾਂ ਦੀ ਨਮਾਜ਼-ਏ-ਜਨਾਜ਼ਾ ਪੜ੍ਹੀ। ਨਮਾਜ਼ ਤੋਂ ਬਾਅਦ ਉਨ੍ਹਾਂ ਨੂੰ ਉਸ ਥਾਂ ਲੈ ਕੇ ਗਏ, ਜਿੱਥੇ ਦਫ਼ਨ ਕਰਨ ਲਈ ਮੀਆਂ ਜੀ ਨੇ ਆਪਣੇ ਜੀਵਨ ਵਿੱਚ ਕਿਹਾ ਸੀ। ਇਹ ਉਹ ਥਾਂ ਸੀ, ਜਿੱਥੇ ਉਨ੍ਹਾਂ ਦੇ ਯਾਰ ਭਾਵ ਮੁਰੀਦ ਮੀਆਂ ਨੱਥਾ, ਹਾਜ਼ੀ ਸੁਲੇਮਾਨ ਸ਼ੇਖ਼, ਅਬੁਲਮਕਾਰਿਮ, ਹਾਜ਼ੀ ਮੁਸਤਫ਼ਾ ਅਤੇ ਕੁਝ ਹੋਰ ਦੂਜੇ ਲੋਕ ਦਫ਼ਨ ਸਨ। ਇਹ ਥਾਂ ਲਾਹੌਰ ਤੋਂ ਅੱਧੇ ਕੋਹ ਦੇ ਫ਼ਾਸਲੇ 'ਤੇ ਆਲਮ ਗੰਜ ਦੇ ਨੇੜੇ ਹੈ। ਇਥੇ ਅੱਜ ਵੀ ਮੀਆਂ ਮੀਰ ਜੀ ਦਾ ਮਜ਼ਾਰ ਸ਼ਾਂਤੀ ਅਤੇ ਇਨਸਾਨੀ ਭਾਈਚਾਰੇ ਦਾ ਪੈਗਾਮ ਦੇ ਰਿਹਾ ਹੈ। ਹੁਣ ਇਸ ਥਾਂ ਨੂੰ ਮੀਰ ਪੁਰਾ ਕਿਹਾ ਜਾਂਦਾ ਹੈ।

ਮੀਆਂ ਮੀਰ ਜੀ ਦੀ ਅਸਲ ਉਮਰ ਬਾਰੇ ਵਿਦਵਾਨ ਇੱਕ ਮਤ ਨਜ਼ਰ ਨਹੀਂ ਆਉਂਦੇ, ਹਰ ਕਿਸੇ ਨੇ ਆਪਣੇ ਜਾਂ ਹੱਥਲੇ ਤੱਥਾਂ ਦੇ ਆਧਾਰ 'ਤੇ ਲਿਖਿਆ ਹੈ। ਕੁਝ ਲੋਕ ਕਹਿੰਦੇ ਹਨ ਕਿ ਉਨ੍ਹਾਂ ਦੀ ਉਮਰ 107 ਸਾਲ ਸੀ ਅਤੇ ਕੁਝ ਕਹਿੰਦੇ ਹਨ ਕਿ ਉਹ 97 ਸਾਲ ਦੇ ਸਨ ਤੇ ਕੁਝ ਹੋਰ ਕਹਿੰਦੇ ਹਨ। ਉਂਝ ਦਾਰਾ ਸ਼ਿਕੋਹ ਮੀਆਂ ਮੀਰ ਜੀ ਦੇ ਭਤੀਜੇ ਦੇ ਹਵਾਲੇ ਨਾਲ ਲਿਖਦੇ ਹਨ ਕਿ ਮੀਆਂ ਮੀਰ ਜੀ ਦੀ ਉਮਰ 88 ਵਰ੍ਹਿਆਂ ਦੀ ਸੀ। ਉਨ੍ਹਾਂ ਦੇ ਸਿੰਧ ਉੱਤੇ ਸਿਵਸਤਾਨ ਦੇ ਭਰੋਸੇਮੰਦ ਲੋਕਾਂ ਅਤੇ ਮੀਆਂ ਮੀਰ ਜੀ ਦੇ ਰਿਸ਼ਤੇਦਾਰਾਂ ਰਾਹੀਂ ਖੋਜ ਕਰਕੇ ਦੱਸਿਆ ਕਿ ਮੀਆਂ ਮੀਰ ਜੀ 957 ਹਿਜਰੀ ਵਿੱਚ ਪੈਦਾ ਹੋਏ ਸਨ ਅਤੇ 1045 ਹਿਜਰੀ ਵਿੱਚ ਦੁਨੀਆ ਨੂੰ ਅਲਵਿਦਾ ਆਖ ਗਏ। ਇਸ ਅਨੁਸਾਰ ਉਨ੍ਹਾਂ ਦੀ ਉਮਰ 88 ਵਰ੍ਹੇ ਬਣਦੀ ਹੈ।

ਪ੍ਰਿੰਸੀਪਲ ਸਤਿਬੀਰ ਸਿੰਘ ਐਮ.ਏ. ਦੇ ਇੱਕ ਲੇਖ ਅਨੁਸਾਰ, "ਨੂਰ ਜਹਾਂ ਨੇ ਆਪਣੀ ਨਿਗਰਾਨੀ ਵਿੱਚ ਮਕਬਰਾ ਬਣਾਇਆ। ਦਾਰਾ ਸ਼ਿਕੋਹ ਨੇ ਖ਼ੂਬਸੂਰਤ ਬਣਾਉਣ ਲਈ ਲਾਲ ਇੱਟਾਂ ਇਕੱਠੀਆਂ ਕੀਤੀਆਂ ਸਨ, ਪਰ! ਔਰੰਗਜ਼ੇਬ ਨੇ ਸਾਰੀਆਂ ਇੱਟਾਂ ਚੁਕਵਾ ਕੇ ਸ਼ਾਹੀ ਮਸਜਿਦ ਉੱਤੇ ਲਵਾ ਦਿੱਤੀਆਂ ਸਨ। ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਮੀਆਂ ਮੀਰ ਜੀ ਦੀ ਮਜ਼ਾਰ ਦੀ ਹਾਲਤ ਬਾਰੇ ਪਤਾ ਲੱਗਿਆ ਤਾਂ ਉਨ੍ਹਾਂ ਨੇ ਮੁਰੰਮਤ ਲਈ ਰੁਪਏ ਦੇ ਕੇ ਨੂਰਦੀਨ ਨੂੰ ਇਮਾਰਤ ਠੀਕ ਕਰਨ ਲਈ ਨਿਯਤ ਕੀਤਾ। ਫੇਰ ਮਹਾਰਾਜਾ ਰਣਜੀਤ ਸਿੰਘ ਆਪ ਵੀ ਦੇਖਣ ਪਹੁੰਚੇ। ਇਤਨੀ ਆਵਾਜਾਈ ਤੇ ਸ਼ਰਧਾਲੂਆਂ ਦੀ ਗਿਣਤੀ ਵਧ ਗਈ ਕਿ ਜੇ ਕੋਈ ਫ਼ਕੀਰ ਵੀ ਮਜ਼ਾਰ ਉੱਤੇ ਆਉਂਦਾ ਤਾਂ ਉਹ ਜੇਬਾਂ ਭਰ ਜਾਂਦਾ...।"

ਮੁਨਸ਼ੀ ਸੋਹਨ ਲਾਲ ਸੂਰੀ ਦੇ ਆਪਣੀ 'ਤਾਰੀਖ਼ ਦੇ ਦਫ਼ਤਰ - ਹਿੱਸੇ ਤੀਜੇ' ਪੰਨਾ ਨੰ. 298 ਉੱਤੇ ਦਰਜ ਮਿਲਦਾ ਹੈ ਕਿ ਮੀਆਂ ਮੀਰ ਜੀ ਨਾ ਸਿਰਫ਼ ਅੱਲਾਹ ਦੇ ਪਿਆਰੇ ਅੱਲਾਹ ਦੀਆਂ ਬਰਕਤਾਂ ਨਾਲ ਵਰੋਸਾਏ ਹੋਏ ਸਨ, ਸਗੋਂ ਉਨ੍ਹਾਂ ਦਾ ਦਿਲ ਸੂਰਜ ਰੌਸ਼ਨ ਸ਼ੀਸ਼ੇ ਵਾਂਗ ਸਾਫ ਸੀ। ਉਨ੍ਹਾਂ ਨੂੰ ਦੁਨੀਆ ਦੀ ਰਤਾ ਭਰ ਵੀ ਮੈਲ ਨਹੀਂ ਲੱਗੀ ਸੀ।

⇒ ਬਾਕੀ ਅਗਲੇ ਅੰਕ ਵਿੱਚ



# ਨੀ ਮਿੱਟੀਏ, ਤੇਰੇ ਬਿਨਾ ਮੇਰਾ ਕੌਣ...

ਸ਼ੇਰ-ਏ-ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ (ਮਿੱਡਵੈਸਟ) ਵੱਲੋਂ ਲੰਘੇ ਦਿਨੀਂ ਸਕੋਕੀ ਵਿੱਚ ਗਾਇਕ ਰਣਜੀਤ ਬਾਵਾ ਦਾ ਸ਼ੋਅ ਕਰਵਾਇਆ ਗਿਆ, ਜਿਸ ਦੌਰਾਨ ਰਣਜੀਤ ਬਾਵਾ ਨੇ ਆਪਣੇ ਉਮਦਾ ਗੀਤ ਗਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਉਸ ਨੇ ਆਪਣੇ ਕਈ ਚਰਚਿਤ ਗੀਤਾਂ ਤੋਂ ਇਲਾਵਾ ਹਾਲ ਹੀ ਵਿੱਚ ਆਇਆ ਉਸ ਦਾ ਗੀਤ 'ਨੀ ਮਿੱਟੀਏ' ਵੀ ਸਰੋਤਿਆਂ ਦੀ ਨਜ਼ਰ ਕੀਤਾ, ਜੋ ਸ਼ੋਅ ਦਾ ਸਿਖਰ ਸੀ। ਇਸ ਮੌਕੇ ਕਲੱਬ ਦੇ ਪ੍ਰਧਾਨ ਅੰਮ੍ਰਿਤਪਾਲ ਸਿੰਘ ਗਿੱਲ, ਇਵੈਂਟ ਡਾਇਰੈਕਟਰ ਗੁਰਿੰਦਰਜੀਤ ਸਿੰਘ ਗਰੇਵਾਲ, ਮੁੱਖ ਮਹਿਮਾਨ- ਅਮਰਜੀਤ ਸਿੰਘ ਢੀਂਡਸਾ ਤੇ ਲਖਬੀਰ ਸਿੰਘ ਢੀਂਡਸਾ ਅਤੇ ਹੋਰ ਪ੍ਰਬੰਧਕਾਂ ਨੇ ਗਾਇਕ ਰਣਜੀਤ ਬਾਵਾ ਦਾ ਸਨਮਾਨ ਕੀਤਾ। ਪ੍ਰਬੰਧਕਾਂ ਨੇ ਸ਼ੋਅ ਵੇਖਣ ਆਏ ਦਰਸ਼ਕਾਂ ਦਾ ਧੰਨਵਾਦ ਕਰਦਿਆਂ ਭਵਿੱਖ ਵਿੱਚ ਵੀ ਪੰਜਾਬੀ ਸਭਿਆਚਾਰ ਨੂੰ ਉਤਸ਼ਾਹਿਤ ਕਰਦੇ ਸਮਾਗਮ ਕਰਵਾਉਣ ਦੀ ਗੱਲ ਕਹੀ ਹੈ।






Sizzle Foto Booth

Bronze PACKAGE | Silver PACKAGE | Platinum PACKAGE

## 360 Degree video booth with Advanced slow motion.

**Starting at $465 per hour**
Slow Motion Videos
Choice of Soundtrack
Custom Video Overlay
Social Sharing Station
Text & Email Video Messaging.

**Starting at $535 per Hour**
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns

**Life is better slowed down.**



**Starting at $575 per Hour**
Slow Motion videos
Choice of Soundtrack
Custom Video Overlay
Social Sharing Station
Text and Email Video Messaging.
(2) LED full Color Light Panels
Money Gun
Confetti Guns
VIP Red Carpet

**All packages come with a professional photo booth attendant and standard props package.**

**Sizzle 360°**

**Call: Tirf Alexius, Ph. 773-828-8121**
Talexius@sizzlefotobooth.com sizzlefotobooth.com

PUNJABI CULTURAL SOCIETY OF CHICAGO

*Presents*

FREE ENTRY
FREE FOOD
FREE PARKING

# PUNJABI MELA 2023

A HEALTHIER COMMUNITY FUN FAIR

SEP 17 SUN
11AM-6PM

BRING ALL YOUR FAMILY MEMBERS

SPECIAL PERFORMANCE
GEETA ZAILDAR

VENUE: DEER GROVE EAST, 1599 PEPPER TREE DR, PALATINE, IL
(GROVE 1,2 AND 3)



## Fun Activities:

- Free Delicious Food
- Bounce house for Kids
- Musical Chairs
- 3 Legged Race
- Volleyball
- Punjabi Music
- Sprint Race
- Spoon Race
- Shotput
- Kite Flying
- Tug of war
- And many more fun activities

## Contact:

**Chairman: Nick Balwinder Singh**

**President: Bhupinder Singh Dhaliwal**

Bhupinder Singh Dhaliwal (224) 715-0177, Bikram Singh Sohi (847) 809-1110, Navtej Singh Sohi (847) 917-7716, Parvinder S. Nanua (260) 312-1485, Gurpreet Singh Sidhu (224) 532-1824, Gurlal Singh Bhattal (630) 340-7608, Parmjot Singh Parmar (847) 652-9930, Jigerdeep Singh Dhillon (630) 822 5490, Balwinder S. Girn (847) 947-1129, Surinder S. Palia (219) 256-9426, Sukhmel Singh Atwal (847) 209-6573, Mohinderjit Singh Saini (847) 705-0434 Harwinder Paul Singh Lail (224) 715-0395, Vick Singh (847) 508-5184, Jasbir Singh Palia (219) 256-9428, Amarjit K. Atwal (847) 564-4735, Bhinder S. Pamma (847) 361-3579, Gurmit S. Dhillon (847) 912-6659, Manjeet S. Bhalla (224) 392-6129, Rajinder Singh Mago 630-440-7730

**SAVE THE DATE: RANGLA PUNJAB 2024 on April 20th at Copernicus Theatre, Chicago**

PUNJABI CULTURAL SOCIETY OF CHICAGO
Visit www.PCSChicago.org
E-mail: info@PCSChicago.org or PCS Phone (847)-359-5PCS
PCS Chicago is a 501(c) 3 non-profit promoting Punjabi Culture, Performing arts, language, education, good citizenship, healthy lifestyle and sports

# ਪੰਜਾਬੀ ਕਲਚਰਲ ਸੁਸਾਇਟੀ (ਸ਼ਿਕਾਗੋ)